8-OCT-PAGE-1.qxd 10/7/2024 9:24 PM Page 1

ਮੰਗਲਵਾਰ, 8 ਅਕਤੂਬਰ, 2024
23 ਅੱਸੂ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 73
ਅੰਕ/NO. : 128

ਨਵਾਂ ਜ਼ਮਾਨਾ

DAILY NAWAN ZAMANA • TUESDAY, 8 OCTOBER, 2024 ਜਲੰਧਰ

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

You Tube nawan zamana TV

ਚੋਣ ਨਤੀਜੇ ਅੱਜ

ਨਵੀਂ ਦਿੱਲੀ : ਹਰਿਆਣਾ ਤੇ ਜੰਮੂ-ਕਸ਼ਮੀਰ ਅਸੰਬਲੀਆਂ ਲਈ ਪਈਆਂ ਵੋਟਾਂ ਦੀ ਗਿਣਤੀ ਮੰਗਲਵਾਰ ਸਵੇਰੇ 8 ਵਜੇ ਸ਼ੁਰੂ ਹੋਵੇਗੀ। ਦੁਪਹਿਰ ਤੱਕ ਕਾਫੀ ਹੱਦ ਤੱਕ ਕਲੀਅਰ ਹੋ ਜਾਵੇਗਾ ਕਿ ਕਿਸ ਦੀ ਸਰਕਾਰ ਬਣਨ ਜਾ ਰਹੀ ਹੈ।

ਸੋਨਾ 78,700 ਰੁਪਏ

ਮੁੰਬਈ : ਸੋਨਾ ਸੋਮਵਾਰ 78,700 ਰੁਪਏ ਪ੍ਰਤੀ 10 ਗ੍ਰਾਮ ਦੇ ਉੱਚ ਪੱਧਰ 'ਤੇ ਪੁੱਜ ਗਿਆ ਹੈ। ਸ਼ੁੱਕਰਵਾਰ ਭਾਅ 78,450 ਰੁਪਏ ਸੀ। 99.5 ਫੀਸਦੀ ਸ਼ੁੱਧਤਾ ਵਾਲਾ ਸੋਨਾ 200 ਰੁਪਏ ਚੜ੍ਹ ਕੇ 78,300 ਰੁਪਏ ਪ੍ਰਤੀ 10 ਗ੍ਰਾਮ ਦੇ ਸਭ ਤੋਂ ਉੱਚੇ ਪੱਧਰ 'ਤੇ ਪੁੱਜ ਗਿਆ।

ਕਰੀਬੀਆਂ ਨੂੰ ਮਿਲਣ 'ਤੇ ਰੋਕ

ਲਾਹੌਰ : ਪਾਕਿਸਤਾਨ ਦੀ ਪੰਜਾਬ ਸਰਕਾਰ ਨੇ ਸੁਰੱਖਿਆ ਕਾਰਨਾਂ ਦੇ ਚੱਲਦਿਆਂ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ 18 ਅਕਤੂਬਰ ਤੱਕ ਪਰਵਾਰਕ ਮੈਂਬਰਾਂ, ਵਕੀਲਾਂ ਅਤੇ ਪਾਰਟੀ ਨੇਤਾਵਾਂ ਨੂੰ ਮਿਲਣ ਤੋਂ ਰੋਕ ਦਿੱਤਾ ਹੈ। ਪਾਕਿਸਤਾਨ ਤਹਿਰੀਕ-ਏ-ਇਨਸਾਫ ਦੇ ਬਾਨੀ ਖਾਨ ਅਗਸਤ 2023 ਤੋਂ ਕਈ ਮਾਮਲਿਆਂ 'ਚ ਰਾਵਲਪਿੰਡੀ ਦੀ ਅਦਿਆਲਾ ਜੇਲ੍ਹ 'ਚ ਬੰਦ ਹਨ। ਗ੍ਰਹਿ ਮੰਤਰੀ ਮੋਹਸਿਨ ਨਕਵੀ ਨੇ ਖਾਨ ਦੀ ਪਾਰਟੀ ਉੱਤੇ ਸ਼ੰਘਾਈ ਸਹਿਯੋਗ ਸੰਗਠਨ ਦੇ ਆਗਾਮੀ ਸੰਮੇਲਨ 'ਚ ਵਿਘਨ ਪਾਉਣ ਦੀ ਕੋਸ਼ਿਸ਼ ਕਰਨ ਦਾ ਦੋਸ਼ ਲਾਇਆ ਹੈ।

ਕਾਰ 'ਚ ਖੁਦਕੁਸ਼ੀ

ਪਟਿਆਲਾ : ਸੋਮਵਾਰ ਸਵੇਰੇ ਇੱਥੇ ਲਹਿਲ ਚੌਕ 'ਚ ਨੌਜਵਾਨ ਨੇ ਕਥਿਤ ਤੌਰ 'ਤੇ ਗੋਲੀ ਮਾਰ ਕੇ ਖੁਦਕੁਸ਼ੀ ਕਰ ਲਈ। ਦੱਸਿਆ ਗਿਆ ਹੈ ਕਿ ਬਠਿੰਡਾ ਦਾ ਹਰਪਾਲ ਸਿੰਘ ਕਾਰ ਵਿਚ ਸਵਾਰ ਸੀ ਤੇ ਖੁਦ ਨੂੰ ਗੋਲੀ 32 ਬੋਰ ਦੇ ਰਿਵਾਲਵਰ ਨਾਲ ਮਾਰੀ। ਥਾਣਾ ਸਿਵਲ ਲਾਈਨ ਪੁਲਸ ਨੇ ਚਿੱਟੇ ਰੰਗ ਦੀ ਕਰੂਜ਼ ਕਾਰ ਕਬਜ਼ੇ 'ਚ ਲੈ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਸੀ।

ਮੁਨਸ਼ੀ ਵੱਲੋਂ ਖੁਦਕੁਸ਼ੀ

ਬਠਿੰਡਾ : ਕਸਬਾ ਰਾਮਪੁਰਾ ਫੂਲ ਦੇ ਥਾਣਾ ਸਦਰ 'ਚ ਮੁਨਸ਼ੀ ਹੌਲਦਾਰ ਸੁਖਪਾਲ ਸਿੰਘ ਨੇ ਕਥਿਤ ਤੌਰ 'ਤੇ ਖੁਦ ਨੂੰ ਏ ਕੇ-47 ਨਾਲ ਗੋਲੀ ਮਾਰ ਕੇ ਖੁਦਕੁਸ਼ੀ ਕਰ ਲਈ। ਇਕ ਸਮਾਜ ਸੇਵੀ ਸੰਸਥਾ ਵੱਲੋਂ ਉਸ ਨੂੰ ਫੌਰੀ ਸਰਕਾਰੀ ਹਸਪਤਾਲ ਲਿਆਂਦਾ ਗਿਆ, ਪਰ ਡਾਕਟਰਾਂ ਨੇ ਮ੍ਰਿਤਕ ਐਲਾਨ ਦਿੱਤਾ।

ਕੋਲਾ ਖਾਣ 'ਚ ਧਮਾਕੇ ਨਾਲ 7 ਮਜ਼ਦੂਰਾਂ ਦੀ ਮੌਤ

ਕੋਲਕਾਤਾ : ਪੱਛਮੀ ਬੰਗਾਲ ਦੇ ਬੀਰਭੂਮ ਜ਼ਿਲ੍ਹੇ 'ਚ ਸੋਮਵਾਰ ਦੁਪਹਿਰ ਇੱਕ ਨਿੱਜੀ ਸੰਸਥਾ ਦੀ ਮਾਲਕੀ ਵਾਲੀ ਕੋਲੇ ਦੀ ਖਾਣ 'ਚ ਹੋਏ ਧਮਾਕੇ ਕਾਰਨ 7 ਮਜ਼ਦੂਰਾਂ ਦੀ ਮੌਤ ਹੋ ਗਈ ਅਤੇ 7 ਜ਼ਖਮੀ ਹੋ ਗਏ। ਧਮਾਕੇ ਤੋਂ ਬਾਅਦ ਜ਼ਮੀਨ ਖਿਸਕਣ ਨਾਲ ਖਾਣ ਅੰਦਰ ਹੋਰ ਮਜ਼ਦੂਰਾਂ ਦੇ ਫਸੇ ਹੋਣ ਦਾ ਖਦਸ਼ਾ ਜਤਾਇਆ ਜਾ ਰਿਹਾ ਹੈ। ਧਮਾਕੇ 'ਚ ਮਾਰੇ ਗਏ ਕੁਝ ਲੋਕਾਂ ਦੀਆਂ ਲਾਸ਼ਾਂ ਦੇ ਟੁਕੜੇ ਹੋ ਗਏ। ਇਕ ਅਧਿਕਾਰੀ ਨੇ ਦੱਸਿਆ ਕਿ ਸ਼ੁਰੂਆਤੀ ਜਾਂਚ ਤੋਂ ਪਤਾ ਚੱਲਦਾ ਹੈ ਕਿ ਕੋਲੇ ਦੀ ਖੁਦਾਈ ਲਈ ਜ਼ਰੂਰੀ ਸੁਰੱਖਿਆ ਉਪਾਵਾਂ ਦੀ ਪਾਲਣਾ ਕੀਤੇ ਬਿਨਾਂ ਧਮਾਕੇ ਬੇਢੰਗੇ ਤਰੀਕੇ ਨਾਲ ਕੀਤੇ ਗਏ, ਜਿਸ ਕਾਰਨ ਇਹ ਹਾਦਸਾ ਵਾਪਰਿਆ।

ਮੋਦੀ-ਮੁਈਜ਼ੂ ਮੁਲਾਕਾਤ

ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੋਮਵਾਰ ਮਾਲਦੀਵ ਦੇ ਰਾਸ਼ਟਰਪਤੀ ਮੁਹੰਮਦ ਮੁਈਜ਼ੂ ਨਾਲ ਦੁਵੱਲੇ ਸੰਬੰਧਾਂ ਨੂੰ ਮਜ਼ਬੂਤ ਕਰਨ ਲਈ ਵਿਆਪਕ ਚਰਚਾ ਕੀਤੀ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ 'ਐਕਸ' ਪੋਸਟ ਵਿਚ ਕਿਹਾ ਕਿ ਭਾਰਤ-ਮਾਲਦੀਵ ਦੇ ਵਿਸ਼ੇਸ਼ ਸੰਬੰਧਾਂ ਨੂੰ ਅੱਗੇ ਵਧਾਉਂਦੇ ਹੋਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹੈਦਰਾਬਾਦ ਹਾਊਸ ਪਹੁੰਚਣ 'ਤੇ ਮਾਲਦੀਵ ਦੇ ਰਾਸ਼ਟਰਪਤੀ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ।

ਫਲਸਤੀਨੀਆਂ ਦੇ ਹੱਕ 'ਚ ਹਾਅ ਦਾ ਨਾਅਰਾ

ਲੁਧਿਆਣਾ (ਐੱਮ ਐੱਸ ਭਾਟੀਆ)

ਖੱਬੀਆਂ ਪਾਰਟੀਆਂ ਦੇ ਸੱਦੇ 'ਤੇ ਸੋਮਵਾਰ ਸੀ ਪੀ ਆਈ, ਸੀ ਪੀ ਐੱਮ ਅਤੇ ਆਰ ਐੱਮ ਪੀ ਆਈ ਵੱਲੋਂ ਗਾਜ਼ਾ ਵਿੱਚ ਯੁੱਧ ਦਾ ਅੰਤ, ਫਲਸਤੀਨ ਨਾਲ ਏਕਤਾ ਦਿਵਸ ਮਨਾਉਣ ਦੇ ਸੰਬੰਧ ਵਿੱਚ ਨਵੀਆਂ ਕਚਹਿਰੀਆਂ ਦੇ ਅੱਗੇ ਪ੍ਰਦਰਸ਼ਨ ਕੀਤਾ ਗਿਆ। ਇਸ ਨੂੰ ਸੰਬੋਧਨ ਕਰਦੇ ਹੋਏ ਆਗੂਆਂ ਨੇ ਕਿਹਾ ਕਿ ਅੱਜ ਗਾਜ਼ਾ ਵਿੱਚ ਇਜ਼ਰਾਈਲ ਦੀ ਨਸਲਕੁਸ਼ੀ ਦੀ ਲੜਾਈ ਦਾ ਇੱਕ ਸਾਲ ਪੂਰਾ ਹੋਣ ਦਾ ਦਿਨ ਹੈ। ਪਿਛਲੇ ਸਾਲ 7 ਅਕਤੂਬਰ ਨੂੰ ਇਜ਼ਰਾਈਲ ਦੇ ਅੰਦਰ ਹਮਾਸ ਦੇ ਹਮਲੇ ਦਾ ਬਦਲਾ ਲੈਣ ਦੇ ਨਾਂਅ 'ਤੇ ਇਜ਼ਰਾਈਲੀ ਹਥਿਆਰਬੰਦ ਬਲਾਂ ਨੇ ਗਾਜ਼ਾ ਵਿੱਚ ਫਲਸਤੀਨੀਆਂ 'ਤੇ ਬੇਰਹਿਮੀ ਨਾਲ ਅੰਨ੍ਹੇਵਾਹ ਹਮਲਾ ਕੀਤਾ ਸੀ। ਇਸ ਯੁੱਧ ਦੇ ਨਤੀਜੇ ਵਜੋਂ ਲੱਗਭੱਗ 42,000 ਫਲਸਤੀਨੀ, ਮੁੱਖ ਤੌਰ 'ਤੇ ਔਰਤਾਂ ਅਤੇ ਬੱਚੇ ਮਾਰੇ ਗਏ ਹਨ। ਹਜ਼ਾਰਾਂ ਹੋਰ ਮਲਬੇ ਹੇਠ ਦੱਬੇ ਹੋਏ ਹਨ। ਇਜ਼ਰਾਈਲ ਨੇ ਰਿਹਾਇਸ਼ੀ ਇਮਾਰਤਾਂ, ਸਕੂਲਾਂ ਅਤੇ ਹਸਪਤਾਲਾਂ ਨੂੰ ਆਪਣੇ ਬੇਰਹਿਮ ਹਵਾਈ ਅਤੇ ਜ਼ਮੀਨੀ ਬੰਬਾਰੀ ਤੋਂ ਵੀ ਨਹੀਂ ਬਖਸ਼ਿਆ।

ਪ੍ਰਸਿੱਧ ਮੈਡੀਕਲ ਜਰਨਲ 'ਦਿ ਲੈਂਸੇਟ' ਦੀ ਰਿਪੋਰਟ ਮੁਤਾਬਕ ਇਜ਼ਰਾਈਲ ਦੇ ਹਮਲੇ ਨਾਲ ਮਰਨ ਵਾਲਿਆਂ ਦੀ ਗਿਣਤੀ 85,000 (6 ਅਗਸਤ ਤੱਕ) ਤੋਂ ਉੱਪਰ ਹੋ ਸਕਦੀ ਹੈ, ਜੋ ਕਿ ਸਿੱਧੇ ਅਤੇ ਅਸਿੱਧੇ ਦੋਵਾਂ ਮੌਤਾਂ ਦੀ ਗਿਣਤੀ ਹੈ। ਇੰਟਰਨੈਸ਼ਨਲ ਕੋਰਟ ਆਫ਼ ਜਸਟਿਸ (ਆਈ ਸੀ ਜੇ) ਨੇ ਇਸ ਸਾਲ ਜਨਵਰੀ ਵਿੱਚ ਇਜ਼ਰਾਈਲ ਦੀਆਂ ਕਾਰਵਾਈਆਂ ਨੂੰ ਸੰਭਾਵਿਤ ਨਸਲਕੁਸ਼ੀ ਦਾ ਕਾਰਨ ਕਰਾਰ ਦਿੱਤਾ ਸੀ ਅਤੇ ਇਜ਼ਰਾਈਲ ਨੂੰ ਗਾਜ਼ਾ ਵਿੱਚ ਫੌਜੀ ਕਾਰਵਾਈਆਂ ਬੰਦ ਕਰਨ ਲਈ ਕਿਹਾ ਸੀ। ਇਜ਼ਰਾਈਲ ਨੇ ਹੁਣ ਤੱਕ ਜੰਗਬੰਦੀ ਲਈ ਸਾਰੀਆਂ ਸਾਰਥਿਕ ਗੱਲਾਂਬਾਤਾਂ ਨੂੰ ਰੱਦ ਕਰ ਦਿੱਤਾ ਹੈ।

ਇੰਨਾ ਹੀ ਨਹੀਂ, ਇਜ਼ਰਾਈਲ ਨੇ ਪੂਰੇ ਸਾਲ ਦੌਰਾਨ ਕਬਜ਼ੇ ਵਾਲੇ ਪੱਛਮੀ ਕੰਢੇ 'ਚ ਫਲਸਤੀਨੀਆਂ 'ਤੇ ਹਮਲੇ ਕੀਤੇ ਹਨ। ਇਜ਼ਰਾਈਲ ਨੇ ਬੰਬਾਂ ਨੂੰ ਟਰਿੱਗਰ ਕਰਨ ਅਤੇ ਲਿਬਨਾਨ ਵਿੱਚ ਸੰਘਰਸ਼ ਨੂੰ ਵਧਾਉਣ ਲਈ ਵੱਡੇ ਪੱਧਰ 'ਤੇ ਪੇਜਰਾਂ ਅਤੇ ਹੋਰ ਸੰਚਾਰ ਸਾਧਨਾਂ ਦੀ ਵਰਤੋਂ ਕੀਤੀ ਹੈ।

ਦੁਨੀਆ ਭਰ ਵਿੱਚ ਲੱਖਾਂ ਲੋਕ ਇਜ਼ਰਾਈਲੀ ਨਸਲਕੁਸ਼ੀ ਯੁੱਧ ਦੇ ਵਿਰੁੱਧ ਪ੍ਰਦਰਸ਼ਨ ਕਰ ਰਹੇ ਹਨ ਅਤੇ ਯੁੱਧ ਨੂੰ ਖਤਮ ਕਰਨ ਦੀ ਮੰਗ ਕਰ ਰਹੇ ਹਨ। ਇਸ ਵਹਿਸ਼ੀ ਜੰਗ ਦੀ ਪਹਿਲੀ ਬਰਸੀ ਮੌਕੇ ਭਾਰਤ ਦੇ ਅਮਨ-ਪਸੰਦ ਲੋਕ ਜੰਗ ਨੂੰ ਤੁਰੰਤ ਖ਼ਤਮ ਕਰਨ ਦੀ ਮੰਗ ਕਰਦੇ ਹਨ।ਖੱਬੀਆਂ ਪਾਰਟੀਆਂ 7 ਅਕਤੂਬਰ, 2024 ਨੂੰ ਤੁਰੰਤ ਜੰਗਬੰਦੀ ਅਤੇ ਦੁਸ਼ਮਣੀ ਖਤਮ ਕਰਨ ਦੇ ਸੱਦੇ ਨਾਲ ਮਨਾ ਰਹੀਆਂ ਹਨ। ਆਗੂਆਂ ਨੇ ਭਾਰਤ ਸਰਕਾਰ ਨੂੰ ਇਜ਼ਰਾਈਲ ਨੂੰ ਹਥਿਆਰਾਂ ਦੇ ਸਾਰੇ ਨਿਰਯਾਤ ਨੂੰ ਰੋਕਣ ਅਤੇ ਦੋ-ਰਾਜਾਂ ਵਾਲੇ ਹੱਲ ਲਈ ਕੰਮ ਕਰਨ ਦਾ ਸੱਦਾ ਦਿੱਤਾ, ਜਿਸ ਨਾਲ ਇੱਕ ਸੁਤੰਤਰ ਫਲਸਤੀਨੀ ਰਾਜ ਹੋਂਦ ਵਿੱਚ ਆ ਸਕੇ।

ਇਸ ਸਮੇਂ ਇਜ਼ਰਾਈਲ ਨੇ ਲਿਬਨਾਨ 'ਤੇ ਹਮਲਾ ਕੀਤਾ ਹੈ ਅਤੇ ਸੀਰੀਆ ਅਤੇ ਇਰਾਕ ਨਾਲ ਜੰਗ ਵੀ ਸ਼ੁਰੂ ਕਰ ਦਿੱਤੀ ਹੈ। ਈਰਾਨ 'ਤੇ ਇਜ਼ਰਾਈਲ ਦੁਆਰਾ ਮਿਜ਼ਾਈਲ ਹਮਲੇ ਤੋਂ ਬਾਅਦ ਈਰਾਨ ਵਿੱਚ ਜੰਗ ਹੋਰ ਵਧ ਗਈ ਹੈ।

ਭਾਰਤ ਦੇ ਦਾਖਲੇ ਕਾਰਨ ਸਥਿਤੀ ਹੋਰ ਵੀ ਖਰਾਬ ਹੋ ਗਈ ਹੈ ਅਤੇ ਪਰਮਾਣੂ ਹਥਿਆਰਾਂ ਦੀ ਵਰਤੋਂ ਦੀ ਸੰਭਾਵਨਾ ਵੀ ਵਧ ਰਹੀ ਹੈ।

ਸੰਬੋਧਨ ਕਰਨ ਵਾਲਿਆਂ ਵਿੱਚ ਡਾਕਟਰ ਅਰੁਣ ਮਿੱਤਰਾ, ਐੱਮ ਐੱਸ ਭਾਟੀਆ, ਚਮਕੌਰ ਸਿੰਘ, ਰਮੇਸ਼ ਰਤਨ, ਜਗਦੀਸ਼ ਚੰਦ ਅਤੇ ਡਾਕਟਰ ਗੁਰਵਿੰਦਰ ਸਿੰਘ ਸ਼ਾਮਲ ਸਨ। ਹੋਰਨਾਂ ਤੋਂ ਇਲਾਵਾ ਕਾਮਰੇਡ ਜੋਗਿੰਦਰ ਰਾਮ, ਕੇਵਲ ਸਿੰਘ ਬਨਵੈਤ,

● ਬਾਕੀ ਸਫ਼ਾ 2 'ਤੇ

ਲੁਧਿਆਣਾ

ਸਰਹਾਲੀ ਕਲਾਂ

ਸ੍ਰੀ ਮੁਕਤਸਰ ਸਾਹਿਬ

ਹਿਮਾਚਲ ਦੀ ਚੀਨ ਸਰਹੱਦ 'ਤੇ ਡਰੋਨਾਂ ਦੀ ਹਲਚਲ

ਸ਼ਿਮਲਾ : ਹਿਮਾਚਲ ਦੇ ਕਨੌਰ ਜ਼ਿਲ੍ਹੇ 'ਚ ਭਾਰਤ-ਚੀਨ ਸਰਹੱਦ ਦੇ ਨਾਲ ਡਰੋਨ ਦੇਖੇ ਗਏ ਹਨ। ਇਸ ਸੰਬੰਧੀ ਸੂਬੇ ਦੇ ਮੰਤਰੀ ਜਗਤ ਸਿੰਘ ਨੇਗੀ ਨੇ ਕਿਹਾ ਕਿ ਇਨ੍ਹਾਂ ਦੀ ਵਰਤੋਂ ਨਿਗਰਾਨੀ ਅਤੇ ਜਾਸੂਸੀ ਦੇ ਉਦੇਸਾਂ ਲਈ ਕੀਤੀ ਜਾ ਰਹੀ ਹੈ। ਨੇਗੀ ਨੇ ਕਿਹਾ ਕਿ ਜ਼ਿਲ੍ਹੇ ਦੇ ਪੂ ਬਲਾਕ ਦੇ ਸ਼ਿਪਕੀ ਲਾ ਅਤੇ ਰਿਸ਼ੀ ਡੋਗਰੀ ਪਿੰਡਾਂ 'ਚ ਡਰੋਨ ਗਤੀਵਿਧੀ ਦੇਖੀ ਗਈ ਹੈ। ਕਨੌਰ ਵਿਧਾਨ ਸਭਾ ਹਲਕੇ ਦੇ ਵਿਧਾਇਕ ਨੇਗੀ ਨੇ ਕਿਹਾ ਕਿ ਪਿਛਲੇ ਹਫਤੇ ਸਰਹੱਦੀ ਖੇਤਰ ਦੇ ਨੇੜੇ ਅਕਸਰ ਉੱਡਦੇ ਕਈ ਡਰੋਨ ਦੇਖੇ ਗਏ ਹਨ ਅਤੇ ਕਈ ਲੋਕਾਂ ਨੇ ਉਨ੍ਹਾਂ ਨੂੰ ਅਜਿਹੇ ਦ੍ਰਿਸ਼ਾਂ ਬਾਰੇ ਸੂਚਿਤ ਕੀਤਾ ਹੈ।

ਮਾਲੀਆ ਅਤੇ ਬਾਗਬਾਨੀ ਮੰਤਰੀ ਨੇ ਕਿਹਾ ਕਿ ਲਾਈਨ ਆਫ ਐਕਚੁਅਲ ਕੰਟਰੋਲ (ਐੱਲ ਏ ਸੀ) ਤੱਕ ਸੜਕਾਂ ਬਣਾਉਣ ਲਈ ਸ਼ਿਪਕੀ ਲਾ ਅਤੇ ਰਿਸ਼ੀ ਡੋਗਰੀ ਵਿਖੇ ਕੰਮ ਚੱਲ ਰਿਹਾ ਹੈ ਅਤੇ ਇਨ੍ਹਾਂ ਡਰੋਨਾਂ ਵੱਲੋਂ ਨਿਗਰਾਨੀ ਅਤੇ ਜਾਸੂਸੀ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਉਨ੍ਹਾ ਦਾਅਵਾ ਕੀਤਾ ਕਿ ਡਰੋਨ ਪੁਲਸ ਅਤੇ ਫੌਜ ਦੇ ਜਵਾਨਾਂ ਨੇ ਵੀ ਦੇਖੇ ਹਨ। ਉਨ੍ਹਾ ਕੇਂਦਰ ਸਰਕਾਰ ਨੂੰ ਇਸ ਮਾਮਲੇ ਵੱਲ ਧਿਆਨ ਦੇਣ ਅਤੇ ਲੋੜੀਂਦੇ ਨਿਰਦੇਸ਼ ਜਾਰੀ ਕਰਨ ਦੀ ਅਪੀਲ ਕੀਤੀ ਹੈ।

ਸਰਪੰਚ ਹਮਾਇਤੀ ਦੀ ਗੋਲੀ ਮਾਰ ਕੇ ਹੱਤਿਆ

ਵਲਟੋਹਾ/ਭਿੱਖੀਵਿੰਡ, ਖਾਲੜਾ (ਰਣਜੀਤ ਸਿੰਘ/ਲਖਵਿੰਦਰ ਗੋਲਣ, ਰਣਬੀਰ ਗੋਲਣ)

ਇੱਥੋਂ ਕੁਝ ਦੂਰੀ 'ਤੇ ਸਥਿਤ ਪਿੰਡ ਠੱਕਰਪੁਰਾ ਚਰਚ ਕੋਲ ਮੋਟਰਸਾਈਕਲ ਸਵਾਰ ਤਿੰਨ ਨੌਜਵਾਨਾਂ ਨੇ ਗੋਲੀਆਂ ਚਲਾ ਕੇ ਕਾਰ ਚਾਲਕ ਰਾਜਵਿੰਦਰ ਸਿੰਘ ਨੂੰ ਮਾਰ ਦਿੱਤਾ ਤੇ ਇਕ ਹੋਰ ਨੂੰ ਜ਼ਖਮੀ ਕਰ ਦਿੱਤਾ। ਐੱਸ ਸੀ ਵਰਗ ਤੋਂ ਬਿਨਾਂ ਮੁਕਾਬਲਾ ਸਰਪੰਚ ਚੁਣੀ ਗਈ ਮਹਿਲਾ ਦਾ ਹਮਾਇਤੀ ਆਪ ਆਗੂ ਰਾਜਵਿੰਦਰ ਸਿੰਘ ਬੀ ਡੀ ਪੀ ਓ ਦਫਤਰ ਪੱਟੀ ਤੋਂ ਕਾਰ 'ਚ ਪਿੰਡ ਤਲਵੰਡੀ ਮੋਹਰ ਸਿੰਘ ਆ ਰਿਹਾ ਸੀ ਤਾਂ ਤਿੰਨ ਨੌਜਵਾਨਾਂ ਨੇ ਰੋਕ ਕੇ ਚੋਣ ਜਿੱਤਣ ਦੀਆਂ ਵਧਾਈਆਂ ਦਿੱਤੀਆਂ ਤੇ ਨਾਲ ਹੀ ਗੋਲੀਆਂ ਚਲਾ ਦਿੱਤੀਆਂ।

'ਆਪ' ਸਾਂਸਦ ਸੰਜੀਵ ਅਰੋੜਾ ਤੇ ਹੋਰਨਾਂ 'ਤੇ ਈ ਡੀ ਦੇ ਛਾਪੇ

ਲੁਧਿਆਣਾ : ਈ ਡੀ ਨੇ 'ਆਪ' ਦੇ ਰਾਜ ਸਭਾ ਮੈਂਬਰ ਸੰਜੀਵ ਅਰੋੜਾ ਅਤੇ ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਦੇ ਨਜ਼ਦੀਕੀ ਮੰਨੇ ਜਾਂਦੇ ਕਾਰੋਬਾਰੀ ਹੇਮੰਤ ਸੂਦ ਦੇ ਦਫਤਰਾਂ ਅਤੇ ਘਰਾਂ 'ਚ ਸੋਮਵਾਰ ਤੜਕੇ ਛਾਪੇਮਾਰੀ ਕੀਤੀ। ਈ ਡੀ ਨੇ ਰਿਤੇਸ਼ ਪ੍ਰਾਪਰਟੀਜ਼ ਦੇ 61 ਸਾਲਾ ਮਾਲਕ ਸੰਜੀਵ ਅਰੋੜਾ ਦੀਆਂ ਕਈ ਪ੍ਰਾਪਰਟੀਆਂ ਦੇ ਰਿਕਾਰਡ ਨੂੰ ਵੀ ਕਬਜ਼ੇ 'ਚ ਲਿਆ ਹੈ।

ਆਸ਼ੂ ਨੂੰ ਈ ਡੀ ਨੇ ਪਹਿਲਾਂ ਹੀ ਗ੍ਰਿਫਤਾਰ ਕੀਤਾ ਹੋਇਆ ਹੈ। ਇਸ ਤੋਂ ਪਹਿਲਾਂ ਵਿਜੀਲੈਂਸ ਵੱਲੋਂ ਕੀਤੀ ਗਈ ਆਸ਼ੂ ਦੀ ਗ੍ਰਿਫਤਾਰੀ ਦੌਰਾਨ ਵੀ ਹੇਮੰਤ ਸੂਦ ਨੂੰ ਕਈ ਵਾਰ ਪੁੱਛਗਿੱਛ ਲਈ ਬੁਲਾਇਆ ਗਿਆ ਸੀ।

ਈ ਡੀ ਨੇ ਅਰੋੜਾ ਅਤੇ ਹੋਰਾਂ ਖਿਲਾਫ ਕਥਿਤ ਜ਼ਮੀਨੀ ਧੋਖਾਧੜੀ ਦੇ ਕੇਸ ਦੇ ਸੰਬੰਧ 'ਚ ਜਲੰਧਰ, ਲੁਧਿਆਣਾ, ਗੁਰੂਗ੍ਰਾਮ ਅਤੇ ਦਿੱਲੀ 'ਚ ਕਈ ਥਾਵਾਂ 'ਤੇ ਛਾਪੇਮਾਰੀ ਕੀਤੀ। ਲੁਧਿਆਣਾ ਅਤੇ ਗੁਰੂਗ੍ਰਾਮ ਵਿਖੇ ਅਰੋੜਾ ਦੇ ਘਰ ਸਮੇਤ ਲੱਗਭੱਗ 16-17 ਥਾਵਾਂ ਦੀ ਤਲਾਸ਼ੀ ਲਈ ਗਈ।

ਅਰੋੜਾ ਨੇ ਐਕਸ 'ਤੇ ਪੋਸਟ ਪਾ ਕੇ ਕਿਹਾ—ਮੈਂ ਕਾਨੂੰਨ ਦਾ ਪਾਲਣ ਕਰਨ ਵਾਲਾ ਨਾਗਰਿਕ ਹਾਂ, ਮੈਂ ਏਜੰਸੀਆਂ ਨਾਲ ਪੂਰਾ ਸਹਿਯੋਗ ਕਰਾਂਗਾ ਅਤੇ ਇਹ ਯਕੀਨੀ ਬਣਾਵਾਂਗਾ ਕਿ ਉਨ੍ਹਾਂ ਦੇ ਸਾਰੇ ਸਵਾਲਾਂ ਦੇ ਜਵਾਬ ਦੇ ਸਕਾਂ।

ਸੰਜੀਵ ਅਰੋੜਾ ਦੇ ਘਰ ਈ ਡੀ ਦੇ ਪਹੁੰਚਣ ਤੋਂ ਬਾਅਦ ਆਪ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਰੱਬ ਆਮ ਆਦਮੀ ਪਾਰਟੀ ਦੇ ਨਾਲ ਹੈ ਅਤੇ ਡਰਨ ਦੀ ਕੋਈ ਲੋੜ ਨਹੀਂ ਹੈ, ਕਿਉਂਕਿ ਕਿਸੇ ਨੇ ਕੁੱਝ ਗਲਤ ਨਹੀਂ ਕੀਤਾ।

ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕੇਜਰੀਵਾਲ ਨੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ 'ਤੇ ਭ੍ਰਿਸ਼ਟਾਚਾਰ ਦੀ ਜਾਂਚ ਦੇ ਨਾਂਅ 'ਤੇ ਏਜੰਸੀਆਂ ਰਾਹੀਂ ਪਾਰਟੀ ਨੂੰ ਨਿਸ਼ਾਨਾ ਬਣਾਉਣ ਦਾ ਦੋਸ਼ ਲਾਇਆ। ਉਨ੍ਹਾ ਕਿਹਾ ਕਿ ਏਜੰਸੀਆਂ ਨੇ ਪਹਿਲਾਂ ਉਸ ਨੂੰ ਮਨੀਸ਼ ਸਿਸੋਦੀਆ, ਸੰਜੇ ਸਿੰਘ ਅਤੇ ਪਾਰਟੀ ਦੇ ਹੋਰ ਆਗੂਆਂ ਨੂੰ ਗ੍ਰਿਫਤਾਰ ਕੀਤਾ ਸ

8-OCT-PAGE-1.qxd 10/7/2024 9:25 PM Page 2

ਜਗਦੀਪ ਸਿੰਘ ਗੋਲਡੀ ਬਾਰਨ ਦੀ ਅੰਤਮ ਅਰਦਾਸ, ਉਗਰਾਹਾਂ ਨੇ ਕੀਤਾ ਦੁੱਖ ਸਾਂਝਾ

ਪਟਿਆਲਾ (ਰਾਜਿੰਦਰ ਸਿੰਘ ਥਿੰਦ)-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਬਲਾਕ ਖ਼ਜ਼ਾਨਚੀ ਜਗਦੀਪ ਸਿੰਘ ਗੋਲਡੀ ਦੀ ਅੰਤਮ ਅਰਦਾਸ ਪਿੰਡ ਬਾਰਨ ਦੇ ਗੁਰੂਦੁਆਰਾ ਬਾਬਾ ਦਸੌਂਧਾ ਸਿੰਘ ਵਿਖੇ ਹੋਈ।ਇਸ ਮੌਕੇ ਰਿਸ਼ਤੇਦਾਰ, ਸੱਜਣ, ਮਿੱਤਰ ਤੇ ਵੱਖ-ਵੱਖ ਜਨਤਕ ਜਥੇਬੰਦੀਆਂ ਦੇ ਆਗੂ ਸ਼ਾਮਲ ਹੋਏ।ਜਗਦੀਪ ਸਿੰਘ ਨੂੰ ਸਰਧਾਂਜਲੀ ਭੇਟ ਕਰਦਿਆਂ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਵਿਛੜੇ ਸਾਥੀ ਵੱਲੋਂ ਸੰਘਰਸ਼ਾਂ ਵਿੱਚ ਪਾਏ ਯੋਗਦਾਨ ਬਾਰੇ ਸੰਖੇਪ ਚਰਚਾ ਕੀਤੀ।ਉਨ੍ਹਾਂ ਵੱਲੋਂ ਨੌਜਵਾਨ ਉਮਰ ਵਿੱਚ ਜਾਨਲੇਵਾ ਬਿਮਾਰੀਆਂ ਦਾ ਸ਼ਿਕਾਰ ਹੋਣ ਦਾ ਕਾਰਣ, ਕਾਰਪੋਰਟ ਤੇ ਉਨ੍ਹਾਂ ਵੱਲੋਂ ਪੌਣ-ਪਾਣੀ ਤੇ ਭੂਮੀਆਂ ਨੂੰ ਪਲੀਤ ਕਰਕੇ, ਜ਼ਹਿਰੀਲੇ ਵਾਤਾਵਰਣ ਸਿਰਜਣਾ ਦੱਸਿਆ।

ਐਨ ਓ ਸੀ ਨਾ ਹੋਣ 'ਤੇ ਦਲਾਲਾਂ ਰਾਹੀਂ ਵੱਡੇ ਪੱਧਰ 'ਤੇ ਹੋ ਰਹੀ ਲੁੱਟ-ਖਸੁੱਟ

ਮੋਗਾ (ਇਕਬਾਲ ਸਿੰਘ ਖਹਿਰਾ)-ਦੀ ਰਿਟਾਇਰਡ ਰੈਵੀਨਿਊ ਕਾਨੂੰਨਗੋ ਪਟਵਾਰੀ ਵੈਲਫੇਅਰ ਐਸੋਸੀਏਸ਼ਨ ਰਜਿ: ਦੀ ਮਹੀਨਾਵਾਰ ਮੀਟਿੰਗ ਦਰਸ਼ਨ ਸਿੰਘ ਗਿੱਲ ਜ਼ਿਲ੍ਹਾ ਪ੍ਰਧਾਨ ਦੀ ਪ੍ਰਧਾਨਗੀ ਹੇਠ ਗੁਰਦੁਆਰਾ ਸਾਹਿਬ ਬੀਬੀ ਕਾਹਨ ਕੌਰ ਵਿਖੇ ਹੋਈ, ਜਿਸ ਵਿੱਚ ਗੁਰਪ੍ਰੀਤ ਸਿੰਘ ਕਾਨੂੰਨਗੋ ਤੇ ਰਾਮ ਰੱਖਾ ਸਿੰਘ ਕਾਨੂੰਨਗੋ ਨਵੇਂ ਸ਼ਾਮਲ ਹੋਏ, ਜਿਨ੍ਹਾਂ ਦਾ ਐਸੋਸੀਏਸ਼ਨ ਵਿੱਚ ਸ਼ਾਮਲ ਹੋਣ 'ਤੇ ਸਵਾਗਤ ਕੀਤਾ ਗਿਆ। ਮੀਟਿੰਗ ਦੌਰਾਨ ਰਿਟਾਇਰਡ ਸਾਥੀਆ ਦੇ ਭਖਦੇ ਮਸਲਿਆਂ 'ਤੇ ਚਰਚਾ ਕੀਤੀ ਗਈ ਤੇ ਪਬਲਿਕ ਦੇ ਹਿੱਤ ਵਿੱਚ ਨਿਰਣਾ ਲਿਆ ਗਿਆ ਕਿ ਸਰਕਾਰ ਵੱਲੋਂ ਐਨ ਓ ਸੀ ਵਾਲੀ ਸ਼ਰਤ ਖਤਮ ਕਰਨ ਦੇ ਕੀਤੇ ਜਾ ਰਹੇ ਪ੍ਰਾਪੇਗੰਡਾ ਦੀ ਸਖ਼ਤ ਲਫ਼ਜ਼ਾਂ ਵਿੱਚ ਨਿਖੇਧੀ ਕੀਤੀ ਗਈ ਕਿ ਅੱਜ ਵੀ ਜ਼ਿਲ੍ਹੇ ਦੇ ਸਬ ਰਜਿਸਟਰਾਰ ਦਫ਼ਤਰਾਂ ਵਿੱਚ ਰਜਿਸਟਰੀ ਕਰਾਉਣ ਸਮੇਂ ਐਨ ਓ ਸੀ ਦੀ ਮੰਗ ਕੀਤੀ ਜਾਂਦੀ ਹੈ। ਨਾ ਹੋਣ 'ਤੇ ਵਸੀਕਾ ਨਵੀਸਾਂ ਰਾਹੀਂ ਮੋਟੀ ਰਿਸ਼ਵਤ ਲੈ ਕੇ ਰਜਿਸਟਰੀਆਂ ਧੜਾਧੜ ਕੀਤੀਆਂ ਜਾ ਰਹੀਆਂ ਹਨ। ਇਹ ਕੰਮ ਰਿਸ਼ਵਤ ਲੈ ਕੇ ਸਬ-ਰਜਿਸਟਰਾਰ ਦਫ਼ਤਰਾਂ ਵਿੱਚ ਧੜੱਲੇ ਨਾਲ ਚੱਲ ਰਿਹਾ ਹੈ, ਜਿਸ ਵਿੱਚ ਸਬ-ਰਜਿਸਟਰਾਰ ਦਫ਼ਤਰ ਦੇ ਅਧਿਕਾਰੀ ਕੁਮਚਾਰੀ ਤੇ ਵਸੀਕਾ ਨਵੀਸ ਚੰਗੀ ਕਮਾਈ ਕਰ ਰਹੇ ਹਨ। ਇਸ ਦੀ ਕਿਸੇ ਨਿਰਪੱਖ ਏਜੰਸੀ ਤੋਂ ਜਾਂਚ ਕਰਾਉਣ ਦੀ ਤੁਰੰਤ ਲੋੜ ਹੈ।

ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਨੇ ਸੈਮੀਨਾਰ ਕਰਾਇਆ

ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)-ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਬਲਾਕ ਮਹਿਲ ਕਲਾਂ (ਪੰਡੋਰੀ ਗਰੁੱਪ) ਵੱਲੋਂ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਤੇ ਸਿੱਖਿਆ ਤੇ ਸਿਹਤ ਸੇਵਾਵਾਂ ਸਬੰਧੀ ਸੈਮੀਨਾਰ ਬਲਾਕ ਪ੍ਰਧਾਨ ਦਲਵਾਰ ਸਿੰਘ ਮਹਿਲ ਕਲਾਂ ਸੂਬਾ ਕਮੇਟੀ ਮੈਂਬਰ ਕੇਸਰ ਖਾਨ ਦੀ ਅਗਵਾਈ ਹੇਠ ਕਰਾਇਆ ਗਿਆ।ਸਰਪ੍ਰਸਤ ਅਮਰਜੀਤ ਸਿੰਘ ਕਾਲਸਾਂ ਨੇ ਸ਼ਹੀਦਾਂ ਦੀ ਮਹਾਨ ਕੁਰਬਾਨੀ ਬਾਰੇ ਵਿਸਥਾਰ ਪੂਰਬਕ ਜਾਣਕਾਰੀ ਦਿੱਤੀ।ਅਮਰਜੀਤ ਸਿੰਘ ਐਮ ਕੇ, ਇੰਦਰਜੀਤ ਸਿੰਘ ਸੋਹੀਆਂ , ਗੁਰਮੀਤ ਸਿੰਘ ਦੀਵਾਨਾ, ਨਿਰਭੈ ਸਿੰਘ ਨਿਹਾਲੂਵਾਲ, ਜਸਵੰਤ ਸਿੰਘ ਛੀਨੀਵਾਲ ਨੇ ਸਿਹਤ ਸੇਵਾਵਾਂ, ਸਿਖਿਆ ਤੇ ਜਥੇਬੰਦੀ ਦੀਆਂ ਸਰਗਰਮੀਆਂ ਬਾਰੇ ਜਾਣਕਾਰੀ ਦਿੰਦਿਆ ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਦੀਆਂ ਮੰਗਾਂ ਦੀ ਪ੍ਰਾਪਤੀ ਲਈ ਇਕਜੁੱਟ ਹੋਣ ਦਾ ਸੱਦਾ ਦਿੱਤਾ।ਸੈਮੀਨਾਰ ਦੌਰਾਨ ਡਾ. ਸਾਲਿਨੀ ਸ਼ਰਮਾ ਐਮ ਡੀ ਨੇ ਵੱਖ ਵੱਖ ਰੋਗਾਂ ਸਬੰਧੀ ਜਾਗਰੂਕ ਕੀਤਾ।

ਸ਼ਿਵਾਲਿਕ ਕਿਡਜ਼ ਸਕੂਲ 'ਚ ਵਿਗਿਆਨ ਪ੍ਰਦਰਸ਼ਨੀ ਲਾਈ

ਜੈਤੋ (ਸਤੀਸ਼ ਕੁਮਾਰ ਭੀਗੀ)-ਸ਼ਿਵਾਲਿਕ ਕਿਡਜ਼ ਸਕੂਲ ਵਿੱਚ ਛੇਵੀਂ ਤੋਂ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਨੇ ਵਿਗਿਆਨ ਪ੍ਰਦਰਸ਼ਨੀ ਲਾਈ, ਜਿਸ ਵਿੱਚ ਵਿਦਿਆਰਥੀਆਂ ਨੇ ਬਹੁਤ ਹੀ ਉਤਸ਼ਾਹ ਨਾਲ ਭਾਗ ਲਿਆ ਤੇ ਇੱਕ ਤੋਂ ਬਾਅਦ ਇੱਕ ਮਾਡਲ ਬਣਾਏ।ਇਹ ਸਮਾਗਮ ਵਿਦਿਆਰਥੀਆਂ ਲਈ ਆਪਣੀ ਪੜ੍ਹਾਈ ਦੀ ਪ੍ਰਕਿਰਿਆ ਨੂੰ ਆਪਣੇ ਮਾਪਿਆਂ ਦੇ ਸਾਹਮਣੇ ਪ੍ਰਦਰਸ਼ਤ ਕਰਨ ਦਾ ਵਿਸ਼ੇਸ਼ ਮੌਕਾ ਸੀ।ਮਾਪੇ ਵੀ ਆਪਣੇ ਬੱਚਿਆਂ ਦੀ ਪ੍ਰਤਿਭਾ ਨੂੰ ਪਰਖਣ ਤੇ ਦੇਖਣ ਲਈ ਇਕੱਠੇ ਹੋਏ ਅਤੇ ਬੱਚਿਆਂ ਦੀ ਪ੍ਰਤਿਭਾ ਨੂੰ ਦੇਖ ਕੇ ਮੋਹਿਤ ਹੋ ਗਏ।ਵਿਦਿਆਰਥੀ ਅਧਿਆਪਕ ਬਣੇ ਤੇ ਆਪਣੇ ਮਾਪਿਆਂ ਨੂੰ ਪੜ੍ਹਾਇਆ। ਇਸ ਪਹਿਲਕਦਮੀ ਨੇ ਮਾਪਿਆਂ ਨੂੰ ਆਪਣੇ ਬੱਚਿਆਂ ਦੇ ਵਿਦਿਅਕ ਤੇ ਬੌਧਿਕ ਵਿਕਾਸ ਨੂੰ ਨੇੜਿਓਂ ਦੇਖਣ ਦਾ ਮੌਕਾ ਦਿੱਤਾ।ਪ੍ਰਦਰਸ਼ਨੀ ਵਿੱਚ ਵਿਦਿਆਰਥੀਆਂ ਵੱਲੋਂ ਬਣਾਏ ਜਵਾਲਾਮੁਖੀ ਫਟਣ, ਤੇਜ਼ਾਬੀ ਵਰਖਾ, ਵਾਟਰ ਕੈਨੋਪੀ, ਸੋਲਰ ਫੈਮਿਲੀ, ਫੇਜ਼ ਆਫ਼ ਮੂਨ, ਹਾਈਡ੍ਰੌਲਿਕ ਲਿਫਟ, ਹਾਈਡ੍ਰੌਲਿਕ ਰਾਕੇਟ, ਰੇਨ ਡਿਟੈਕਟਰ ਦੇ ਮਾਡਲਾਂ ਨੇ ਅਧਿਆਪਕਾਂ ਤੇ ਮਾਪਿਆਂ ਨੂੰ ਆਕਰਸ਼ਿਤ ਕੀਤਾ।ਵਿਦਿਆਰਥੀਆਂ ਨੇ ਇਸ ਪ੍ਰਦਰਸ਼ਨੀ ਵਿੱਚ ਭਾਗ ਲੈ ਕੇ ਪ੍ਰੋਗਰਾਮ ਨੂੰ ਹੋਰ ਖ਼ੂਬਸੂਰਤ ਬਣਾਇਆ।ਸਕੂਲ ਦੀ ਮੁੱਖ ਅਧਿਆਪਕਾ ਮੈਡਮ ਸੁਖਵਿੰਦਰ ਕੌਰ ਤੇ ਪ੍ਰਬੰਧਕ ਕਮੇਟੀ ਨੇ ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਬੱਚਿਆਂ ਨੂੰ ਮਾਨਸਿਕ ਤੌਰ 'ਤੇ ਮਜ਼ਬੂਤ ??ਬਣਾਉਣ ਦੇ ਉਦੇਸ਼ ਨਾਲ ਵਿਗਿਆਨ ਪ੍ਰਦਰਸ਼ਨੀ ਲਾਈ ਗਈ ਸੀ।

ਗੁਰੂਕੁਲ ਦੇ ਵਿਦਿਆਰਥੀਆਂ ਦੀ ਸਿਹਤ ਦਾ ਮੁਆਇਨਾ ਕਰਨ ਪਹੁੰਚੀ ਡਾਕਟਰਾਂ ਦੀ ਟੀਮ

ਕੋਟਕਪੂਰਾ (ਰਛਪਾਲ ਭੁੱਲਰ)-ਐਸ.ਬੀ.ਆਰ.ਐਸ. ਗੁਰੂਕੁਲ ਸਕੂਲ ਵਿਖੇ ਮੁਫ਼ਤ ਮੈਡਿਕਲ ਚੈੱਕਅਪ ਕੈਂਪ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਸਰਕਾਰੀ ਹਸਪਤਾਲ ਮੋਗਾ ਦੇ ਤਜਰਬੇਕਾਰ ਤੇ ਮਾਹਰ ਡਾਕਟਰਾਂ ਦੀ ਟੀਮ ਨੇ ਪਹੁੰਚ ਕੇ ਵਿਦਿਆਰਥੀ ਮਾਪੇ ਅਤੇ ਅਧਿਆਪਕਾਂ ਦਾ ਸਿਹਤ ਸਬੰਧੀ ਮੁਆਇਨਾ ਕੀਤਾ। ਜਿਸ ਵਿੱਚ ਡਾ. ਗੌਤਮ ਸੋਢੀ, ਡਾ. ਅਜੈ ਕੁਮਾਰ ਤੇ ਡਾ. ਸ਼ੁਭਮ ਪਾਲਟਾ ਨੇ ਸਿਹਤ ਸਬੰਧੀ ਬਿਮਾਰੀਆਂ ਦੀ ਜਾਂਚ ਕੀਤੀ। ਕੈਂਪ ਸਿਹਤਮੰਦ ਜੀਵਨ ਦੀ ਅਹਿਮੀਅਤ ਬਾਰੇ ਜਾਗਰੂਕਤਾ ਫੈਲਾਉਣ ਅਤੇ ਬੱਚਿਆਂ ਦੀ ਸਿਹਤ ਦੀ ਸੰਭਾਲ ਯਕੀਨੀ ਬਣਾਉਣ ਦੇ ਉਦੇਸ਼ ਨਾਲ ਲਾਇਆ ਗਿਆ।ਕੈਂਪ ਦੌਰਾਨ, ਸਿਹਤ ਵਿਸ਼ੇਸ਼ਗਿਆਨਾਂ ਦੀ ਟੀਮ ਨੇ ਸਕੂਲ ਦੇ ਬੱਚਿਆਂ ਦੀ ਸਿਹਤ ਜਾਂਚ ਕੀਤੀ, ਜਿਸ ਵਿੱਚ ਖੂਨ ਦੀ ਜਾਂਚ, ਦੰਦਾਂ ਦੀ ਜਾਂਚ, ਅੱਖਾਂ ਦੀ ਜਾਂਚ, ਅਤੇ ਸਧਾਰਨ ਸਿਹਤ ਸੰਬੰਧੀ ਪਰਖਾਂ ਸ਼ਾਮਲ ਸਨ।ਇਸ ਨਾਲ ਬੱਚਿਆਂ ਦੇ ਮਾਤਾ-ਪਿਤਾ ਨੂੰ ਵੀ ਸਿਹਤ ਸੰਬੰਧੀ ਮਦਦ ਪ੍ਰਦਾਨ ਕੀਤੀ ਗਈ।ਇਸ ਮੌਕੇ ਮਾਪਿਆਂ ਅਤੇ ਵਿਦਿਆਰਥੀਆਂ ਨਾਲ ਗੱਲਬਾਤ ਸਾਂਝੀ ਕਰਦੇ ਹੋਏ ਸਕੂਲ ਮੁਖੀ ਡਾਇਰੈਕਟਰ/ਪ੍ਰਿੰਸੀਪਲ ਧਵਨ ਕੁਮਾਰ ਨੇ ਕਿਹਾ ਕਿ ਸਿਹਤਮੰਦ ਵਿਦਿਆਰਥੀ ਭਵਿੱਖ ਦੇ ਨਿਰਮਾਤਾ ਹੁੰਦੇ ਹਨ ਅਰੋਗ ਅਤੇ ਨਰੋਆ ਸਰੀਰ ਜਿੱਥੇ ਵਿਦਿਆਰਥੀਆਂ ਨੂੰ ਸਰੀਰਕ ਤੌਰ 'ਤੇ ਤੰਦਰੁਸਤੀ ਪ੍ਰਦਾਨ ਕਰਦਾ ਹੈ, ਉੱਥੇ ਹੀ ਦਿਮਾਗੀ ਸਿਹਤ ਵੀ ਪ੍ਰਦਾਨ ਕਰਦਾ ਹੈ।ਉਨ੍ਹਾਂ ਕਿਹਾ ਕਿ ਇਸ ਮੈਡੀਕਲ ਚੈੱਕਅਪ ਕੈਂਪ ਰਾਹੀਂ ਅਸੀਂ ਬੱਚਿਆਂ ਨੂੰ ਸਿਹਤ ਸੰਬੰਧੀ ਚਿੰਤਾਵਾਂ ਤੋਂ ਮੁਕਤ ਕਰਨਾ ਚਾਹੁੰਦੇ ਹਾਂ ਤਾਂ ਜੁ ਉਹ ਆਪਣੀ ਪੜ੍ਹਾਈ ਵਿੱਚ ਦਿਲਚਸਪੀ ਲੈ ਸਕਣ। ਕੈਂਪ ਸਕੂਲ ਪ੍ਰਬੰਧਕਾਂ ਦੇ ਸਹਿਯੋਗ ਨਾਲ ਲਾਇਆ ਗਿਆ।

ਪੁਲਸ ਨੇ ਦੋ ਵਿਅਕਤੀਆਂ ਨੂੰ ਕੀਤਾ ਕਾਬੂ

ਮਲੋਟ (ਗੁਰਮੀਤ ਸਿੰਘ ਮੱਕੜ)-ਸਿਟੀ ਪੁਲਸ ਵੱਲੋਂ ਥਾਣਾ ਮੁਖੀ ਵਰੁਣ ਕੁਮਾਰ ਮੱਟੂ ਦੀ ਅਗਵਾਈ ਵਿਚ ਹੈਰੋਇਨ ਸਮੇਤ ਇੱਕ ਵਿਅਕਤੀ ਨੂੰ ਕਾਬੂ ਕੀਤਾ ਹੈ।ਪੁਲਸ ਪਾਰਟੀ ਗਸ਼ਤ ਦੇ ਦੌਰਾਨ ਜਦੋਂ ਦਾਣਾ ਮੰਡੀ ਮਲੋਟ ਸੀ ਤਾਂ ਦਾਣਾ ਮੰਡੀ ਵੱਲੋਂ ਇੱਕ ਮੋਨਾ ਨੌਜਵਾਨ ਪੈਦਲ ਆਉਂਦਾ ਦਿਖਾਈ ਦਿੱਤਾ, ਜਿਸਦੇ ਸੱਜੇ ਹੱਥ ਵਿੱਚ ਇੱਕ ਪਾਰਦਰਸ਼ੀ ਮੋਮੀ ਲਿਫ਼ਾਫਾ ਫੜਿਆ ਹੋਇਆ ਸੀ, ਜੋ ਪੁਲਸ ਪਾਰਟੀ ਨੂੰ ਦੇਖ ਕੇ ਘਬਰਾ ਕੇ ਪਿੱਛੇ ਨੂੰ ਮੁੜਣ ਲੱਗਾ ਤਾਂ ਪੁਲਸ ਪਾਰਟੀ ਨੇ ਉਸ ਨੂੰ ਕਾਬੂ ਕਰਕੇ ਨਾਂਅ ਪਤਾ ਪੁੱਛਿਆ, ਜਿਸ ਨੇ ਆਪਣਾ ਨਾਂਅ ਗੁਰਜੀਤ ਸਿੰਘ ਵਾਸੀ ਨੇੜੇ ਗੁਰੂ ਦਰਸ਼ਨ ਪ੍ਰਕਾਸ਼ ਗੁਰਦੁਆਰਾ ਸਾਹਿਬ ਹਰੀਕੇ ਪੱਤਣ (ਤਰਨਤਾਰਨ) ਦੱਸਿਆ, ਜਿਸ ਦੇ ਕੋਲ ਫੜੇ ਲਿਫ਼ਾਫੇ ਦਾ ਤਲਾਸ਼ੀ ਲੈਣ ਉਪਰੰਤ 38 ਗ੍ਰਾਮ ਹੈਰੋਇਨ ਬਰਾਮਦ ਕੀਤੀ। ਪੁਲਸ ਨੇ ਉਕਤ ਵਿਅਕਤੀ 'ਤੇ ਮੁਕੱਦਮਾ ਨੰ. 150 ਧਾਰਾ 15ਬੀ/61/85 ਐਨ.ਡੀ.ਪੀ.ਐਸ ਐਕਟ ਤਹਿਤ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਇਸੇ ਤਰ੍ਹਾਂ ਥਾਣਾ ਸਿਟੀ ਪੁਲਿਸ ਵੱਲੋਂ ਮੋਬਾਇਲ ਚੋਰੀ ਕਰਨ ਵਾਲੇ ਇੱਕ ਵਿਅਕਤੀ ਨੂੰ ਮੋਬਾਇਲ ਸਮੇਤ ਕਾਬੂ ਕੀਤਾ ਹੈ, ਜਿਸ ਦੀ ਪਛਾਣ ਦਵਿੰਦਰ ਸਿੰਘ ਵਾਸੀ ਈਨਾਖੇੜਾ ਵਜੋਂ ਹੋਈ ਹੈ। ਪੁਲਸ ਨੇ ਉਕਤ ਵਿਅਕਤੀ 'ਤੇ ਮੁਕੱਦਮਾ ਨੰ. 149 ਧਾਰਾ 304 (2) ਬੀ.ਐਨ.ਐਸ ਤਹਿਤ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਕਲਮਾਂ ਦੇ ਰੰਗ ਸਾਹਿਤ ਸਭਾ ਦੀ ਮੀਟਿੰਗ

ਫ਼ਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)-ਕਲਮਾਂ ਦੇ ਰੰਗ ਸਾਹਿਤ ਸਭਾ (ਰਜਿ) ਦੀ ਮਹੀਨਾਵਾਰ ਮੀਟਿੰਗ ਸ਼ਹੀਦ ਭਗਤ ਸਿੰਘ ਪਾਰਕ ਵਿੱਚ ਖ਼ਜ਼ਾਨਚੀ ਕਸਮੀਰ ਸਿੰਘ ਮਾਨਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੌਰਾਨ ਗਿਆਨੀ ਮੁਖਤਿਆਰ ਸਿੰਘ ਵੰਗੜ ਦੀ ਕਿਤਾਬ, ਜੋ ਸੂਫ਼ੀ ਸੰਤ ਬਾਬਾ ਸੇਖ ਫ਼ਰੀਦ ਜੀ ਨੂੰ ਸਮਰਪਤ ਹੈ, ਦੀ ਘੁੰਡ ਚੁਕਾਈ ਲਈ ਸਮਾਗਮ ਉਲੀਕਿਆ ਗਿਆ। ਇਸ ਤੇ ਸਭ ਮੈਂਬਰਾਂ ਤੇ ਅਹੁਦੇਦਾਰ ਵੱਲੋਂ ਸਹਿਮਤੀ ਪ੍ਰਗਟਾਈ ਗਈ।ਇਸੇ ਦੌਰਾਨ ਪਿਛਲੇ ਦਿਨੀ ਸਭਾ ਦੇ ਸਕੱਤਰ ਸੁਖਵੀਰ ਬਾਬਾ ਦੇ ਭਤੀਜੇ ਦੀ ਬੇਵਕਤੀ ਮੌਤ ਹੋ ਜਾਣ 'ਤੇ ਅਫ਼ਸੋਸ ਜ਼ਾਹਰ ਕੀਤਾ ਗਿਆ।

ਜ਼ਿੰਦਗੀ ਦੀ ਦੌੜ ਨਿਸ਼ਾਨੇ ਵੱਲ ਨਿਰੰਤਰਤਾ ਨਾਲ ਮਿਹਨਤ ਕਰਨ ਵਾਲੇ ਜਿੱਤਦੇ ਹਨ : ਸੁਖਜਿੰਦਰ ਲੋਪੋ

ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)

ਨੌਜਵਾਨਾਂ ਤੇ ਸਾਇਕਲਾਂ ਵਾਲੇ ਬਾਈ ਗਰੁੱਪ ਦੀਵਾਨਾ-ਹਠੂਰ ਵੱਲੋਂ ਤੰਦਰੁਸਤੀ ਤੇ ਮਜ਼ਬੂਤ ਭਾਈਚਾਰਕ ਸਾਂਝ ਦਾ ਸੁਨੇਹਾ ਦੇਣ ਲਈ ਸਾਂਝੇ ਤੌਰ 'ਤੇ ਮਹਿਲ ਕਲਾਂ ਅਤੇ ਗਹਿਲ ਤੋਂ ਸਾਇਕਲਿੰਗ ਦਾ ਆਯੋਜਨ ਕੀਤਾ ਗਿਆ। ਹਰ ਵਾਰ ਦੀ ਤਰ੍ਹਾਂ ਮਹਿਲ ਕਲਾਂ ਤੋਂ 7ਵੀਂ ਸਾਇਕਲਿੰਗ ਮਹਿਲ ਕਲਾਂ ਦੇ ਖੇਡ ਗਰਾਊਂਡ ਤੋਂ ਸ਼ੁਰੂ ਹੋਈ, ਜੋ ਧਨੇਰ, ਚੱਕ ਦਾ ਪੁਲ੍ਹ, ਮੂੰਮ ਹੁੰਦੀ ਹੋਈ ਵਾਪਸ ਮਹਿਲ ਕਲਾਂ ਖੇਡ ਗਰਾਊਂਡ 'ਚ ਪਹੁੰਚ ਕੇ ਸਮਾਪਤ ਹੋਈ।ਸਾਇਕਲਾਂ ਵਾਲੇ ਬਾਈ ਗਰੁੱਪ ਵੱਲੋਂ ਤੀਜੀ ਸਾਇਕਲਿੰਗ ਗਹਿਲ ਤੋਂ ਸ਼ੁਰੂ ਕੀਤੀ ਗਈ, ਜੋ ਛੀਨੀਵਾਲ ਖ਼ੁਰਦ, ਸੱਦੋਵਾਲ, ਚੱਕ ਦਾ ਪੁਲ੍ਹ ਪਹੁੰਚੀ।

ਸਾਇਕਲਿੰਗ 'ਚ 6 ਸਾਲ ਤੋਂ ਲੈ ਕੇ 86 ਸਾਲ ਤੱਕ ਦੇ ਵਿਅਕਤੀਆਂ ਨੇ ਜ਼ੋਸ਼ੋ-ਖਰੋਸ਼ ਨਾਲ ਭਾਗ ਲਿਆ।ਇਸ ਦੌਰਾਨ ਸੰਤ ਈਸ਼ਰਦਾਸ ਸੀਨੀਅਰ ਸੈਕੰਡਰੀ ਸਕੂਲ, ਮੂੰਮ ਦੇ ਓਪਨ ਏਅਰ ਥਿਏਟਰ ਵਿਖੇ ਵਿਸ਼ੇਸ਼ ਤੌਰ 'ਤੇ ਪੁੱਜੇ ਮੋਟੀਵੇਸ਼ਨਲ ਸਪੀਕਰ ਸੁਜਿੰਦਰ ਸਿੰਘ ਲੋਪੋ ਨੇ ਜ਼ਿੰਦਗੀ ਦੀ ਦੌੜ ਹਮੇਸ਼ਾ ਲਗਾਤਾਰਤਾ ਨਾਲ ਆਪਣੇ ਨਿਸ਼ਾਨੇ ਪ੍ਰਤੀ ਮਿਹਨਤ ਕਰਦੇ ਲੋਕ ਜਿੱਤਦੇ ਹਨ।ਉਨ੍ਹਾਂ ਕਿਹਾ ਮਹਿਲ ਕਲਾਂ ਤੋਂ ਸਾਇਕਲਿੰਗ ਸ਼ੁਰੂ ਕਰਨ ਵਾਲੇ ਨੌਜਵਾਨਾਂ ਬਹੁਤ ਵਧੀਆ ਸੱਭਿਆਚਾਰ ਵਿਕਸਤ ਕੀਤਾ, ਜਿਸ ਦੀ ਸਮਾਜ ਨੂੰ ਵੱਡੀ ਲੋੜ ਸੀ।ਇਨ੍ਹਾਂ ਨੌਜਵਾਨਾਂ ਨੇ ਅਗਲੀ ਪੀੜ੍ਹੀ ਨੂੰ ਚੰਗਾ ਸੁਨੇਹਾ ਦਿੱਤਾ ਹੈ।ਉਨ੍ਹਾਂ ਸਮੂਹ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਜੀਵਨ ਦੌਰਾਨ ਧਰਤੀ ਨੂੰ ਸੋਹਣਾ ਬਣਾਉਣ, ਸੋਹਣਾ ਬਣਾਈ ਰੱਖਣ ਮਨੁੱਖ ਦਾ ਫ਼ਰਜ਼ ਬਣਦਾ ਹੈ, ਕਿਉਂਕਿ ਜੰਨਤ ਵੀ ਉਨ੍ਹਾਂ ਨੂੰ ਹੀ ਨਸੀਬ ਹੁੰਦੀ ਹੈ, ਜੋ ਇਸ ਧਰਤੀ ਨੂੰ ਖ਼ੁਦ ਜੰਨਤ ਬਣਾਉਣ ਦੀ ਕੋਸ਼ਿਸ਼ ਕਰਦੇ ਹਨ।ਇਸ ਮੌਕੇ ਪ੍ਰਿ: ਬਬਲਜੀਤ ਸਿੰਘ, ਵਰਿੰਦਰ ਦੀਵਾਨਾ, ਗੁਰਪ੍ਰੀਤ ਸਿੰਘ ਅਣਖੀ, ਜਗਦੀਸ਼ ਸਿੰਘ ਧੰਨੂੰ ਨੇ ਵੀ ਵਿਚਾਰ ਰੱਖੇ।ਪ੍ਰਬੰਧਕਾਂ ਵਲੋਂ ਸੁਜਿੰਦਰ ਸਿੰਘ ਲੋਪੋ, ਤਿੰਨ ਪੀੜ੍ਹੀ ਨਾਲ ਸਾਇਕਲਿੰਗ 'ਚ ਭਾਗ ਲੈਣ ਆਏ ਕੁਲਦੀਪ ਸਿੰਘ ਹਠੂਰ ਦੇ ਪਰਿਵਾਰ, ਪੱਤਰਕਾਰ ਰਿਸ਼ੀ ਰਾਹੀ, ਪ੍ਰਿੰਸੀਪਲ ਬਬਲਜੀਤ ਸਿੰਘ, ਗੁਰਪ੍ਰੀਤ ਸਿੰਘ ਅਣਖੀ, ਅਰਸ਼ ਗੁਰੂ ਮਹਿਲ ਕਲਾਂ ਟੀਮ, ਮਾਧਵ ਫ਼ੀਡ ਫੈਕਟਰੀ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।

ਕਾਰ ਤੇ ਮੋਟਰਸਾਈਕਲ ਦੀ ਟੱਕਰ 'ਚ ਜ਼ਖਮੀ ਹੋਏ ਵਿਅਕਤੀ ਦੀ ਮੌਤ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)-ਥਾਣਾ ਕੁੱਲਗੜੀ ਅਧੀਨ

8-OCT-PAGE-3.qxd 10/7/2024 10:24 PM Page 1

ਕਿਸਾਨਾਂ ਦੇ ਝੋਨੇ ਦਾ ਦਾਨਾ-ਦਾਨਾ ਖਰੀਦਿਆ ਜਾਵੇਗਾ : ਭਗਵੰਤ ਮਾਨ

ਸ੍ਰੀ ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੌਬੀ): ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸੂਬੇ ਦੇ ਕਿਸਾਨਾਂ ਨੂੰ ਭਰੋਸਾ ਦਿੱਤਾ ਕਿ ਕਿਸਾਨਾਂ ਦੇ ਝੋਨੇ ਦਾ ਦਾਨਾ ਦਾਨਾ ਖਰੀਦਿਆ ਜਾਵੇਗਾ ਅਤੇ ਅਤੇ ਖਰੀਦੇ ਗਏ ਝੋਨੇ ਦੇ ਪੈਸੇ 12 ਘੰਟਿਆਂ ਦੇ ਅੰਦਰ ਅੰਦਰ ਕਿਸਾਨਾਂ ਦੇ ਖਾਤਿਆਂ ਵਿੱਚ ਪਾ ਦਿੱਤੇ ਜਾਣਗੇ। ਜਿਸ ਲਈ 41378 ਕਰੋੜ ਰੁਪਏ ਦੀ ਕੈਸ਼ ਕਰੈਡਿਟ ਲਿਮਟ ਕੇਂਦਰ ਸਰਕਾਰ ਕੋਲੋਂ ਮਿਲ ਚੁੱਕੀ ਹੈ।ਮੁੱਖ ਮੰਤਰੀ ਨੇ ਦੱਸਿਆ ਕਿ ਆੜ੍ਹਤੀਆਂ ਅਤੇ ਸੈਲਰ ਮਾਲਕ ਨਾਲ ਮੀਟਿੰਗ ਹੋਣ ਉਪਰੰਤ ਉਨ੍ਹਾਂ ਦੀ ਹੜਤਾਲ ਖੁੱਲ ਗਈ ਹੈ ਅਤੇ ਕੱਲ ਤੋਂ ਪੰਜਾਬ ਦੀਆਂ ਮੰਡੀਆਂ ਵਿੱਚ ਝੋਨੇ ਦੀ ਖਰੀਦ ਸ਼ੁਰੂ ਹੋ ਜਾਵੇਗੀ।ਮੁੱਖ ਮੰਤਰੀ ਚੰਡੀਗੜ੍ਹ ਤੋਂ ਰੂਪਨਗਰ ਜਾ ਰਹੇ ਸਨ ਪ੍ਰੰਤੂ ਕੁਰਾਲੀ ਨੇੜੇ ਸੜਕ ਬੰਦ ਹੋਣ ਕਾਰਨ ਪੁਲਸ ਪ੍ਰਸ਼ਾਸਨ ਵਲੋਂ ਉਨ੍ਹਾਂ ਦੇ ਕਾਫਲੇ ਨੂੰ ਸ੍ਰੀ ਚਮਕੌਰ ਸਾਹਿਬ ਰਾਹੀਂ ਰੂਪਨਗਰ ਵੱਲ ਕੱਢਿਆ ਗਿਆ। ਇਸ ਮੌਕੇ ਡੀ ਐਸ ਪੀ ਮਨਜੀਤ ਸਿੰਘ ਔਲਖ ਸ੍ਰੀ ਚਮਕੌਰ ਸਾਹਿਬ ਦੀ ਅਗਵਾਈ ਹੇਠ ਪੁਲਸ ਵੱਲੋਂ ਸਖਤ ਪ੍ਰਬੰਧ ਕੀਤੇ ਗਏ ਸਨ। ਮੁੱਖ ਮੰਤਰੀ ਵੱਲੋਂ ਸ੍ਰੀ ਚਮਕੌਰ ਸਾਹਿਬ ਦੇ ਨਹਿਰ ਪੁਲ ਤੇ ਆਪਣੇ ਕਾਫਲੇ ਨੂੰ ਰੋਕਿਆ ਗਿਆ ਅਤੇ ਮੌਕੇ 'ਤੇ ਹਾਜ਼ਰ ਕਿਸਾਨਾਂ, ਟਰੱਕ ਚਾਲਕਾਂ ਅਤੇ ਆਪ ਆਗੂਆਂ ਤੇ ਆਮ ਲੋਕਾਂ ਨਾਲ ਗੱਲਬਾਤ ਕੀਤੀ ਗਈ।ਸ੍ਰੀ ਚਮਕੌਰ ਸਾਹਿਬ ਦੇ ਕੌਂਸਲਰ ਭੁਪਿੰਦਰ ਸਿੰਘ ਭੂਰਾ ਨੇ ਮੁੱਖ ਮੰਤਰੀ ਦੇ ਧਿਆਨ ਵਿੱਚ ਲਿਆਂਦਾ ਕਿ ਸ੍ਰੀ ਚਮਕੌਰ ਸਾਹਿਬ ਨਗਰ ਕੌਂਸਲ ਲਈ ਫੰਡ ਜਾਰੀ ਨਾ ਹੋਣ ਕਾਰਨ ਕੌਂਸਲ ਦੇ ਮੁਲਾਜ਼ਮਾਂ ਨੂੰ ਤਨਖਾਹਾਂ ਦੇਰੀ ਨਾਲ ਮਿਲ ਰਹੀਆਂ ਹਨ।ਸ੍ਰੀ ਭੂਰਾ ਨੇ ਮੁੱਖ ਮੰਤਰੀ ਦੇ ਧਿਆਨ ਵਿੱਚ ਪੰਚਾਇਤੀ ਚੋਣਾਂ ਦੌਰਾਨ 17 ਪਿੰਡਾਂ ਵਿੱਚ ਹੋਈਆਂ ਸਰਬ ਸੰਮਤੀਆਂ ਬਾਰੇ ਵੀ ਲਿਆਂਦਾ, ਜਿਸ ਤੇ ਮੁੱਖ ਮੰਤਰੀ ਨੇ ਤਸੱਲੀ ਪ੍ਰਗਟ ਕਰਦਿਆਂ ਕਿਹਾ ਕਿ ਇਹ ਰੁਝਾਨ ਸਮਾਜਿਕ ਇੱਕ ਜੁੱਟਤਾ ਵਧਾਉਣ ਵਿੱਚ ਲਾਹੇਵੰਦ ਸਾਬਤ ਹੋਵੇਗਾ।ਇਸ ਮੌਕੇ ਇੱਕ ਹੋਰ ਕੌਂਸਲਰ ਸੁਖਬੀਰ ਸਿੰਘ ਨੇ ਮੁੱਖ ਮੰਤਰੀ ਨੂੰ ਕਸਬਾ ਬੇਲਾ ਵਿਖੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੱਲੋਂ ਦਰਿਆ ਸਤਲੁਜ 'ਤੇ ਬਣਨ ਵਾਲੇ ਪੁਲ ਦੇ ਉਦਘਾਟਨ ਬਾਰੇ ਅਤੇ ਸਰਹਿੰਦ ਨਹਿਰ ਵਿੱਚੋਂ ਨਹਿਰ ਦੇ ਨੇੜੇ ਲੱਗਦੇ ਪਿੰਡਾਂ ਦੇ ਲੋਕਾਂ ਨੂੰ ਖੇਤੀਬਾੜੀ ਲਈ ਪਾਣੀ ਨਾ ਮਿਲਣ ਬਾਰੇ ਵੀ ਦੱਸਿਆ, ਜਿਸ ਤੇ ਮੁੱਖ ਮੰਤਰੀ ਨੇ ਭਰੋਸਾ ਦਿੱਤਾ ਕਿ ਆਉਣ ਵਾਲੇ ਸਮੇਂ ਵਿੱਚ ਪੰਜਾਬ ਭਰ ਵਿੱਚ ਜਿੱਥੋਂ ਜਿੱਥੋਂ ਵੀ ਨਹਿਰਾਂ ਲੰਘਦੀਆਂ ਹਨ ਉਨ੍ਹਾਂ ਨਾਲ ਲੱਗਦੇ ਪਿੰਡਾਂ ਨੂੰ ਨਹਿਰੀ ਪਾਣੀ ਦੇਣ ਲਈ ਸਰਕਾਰ ਵੱਲੋਂ ਯੋਗ ਉਪਰਾਲੇ ਕੀਤੇ ਜਾਣਗੇ ਤਾਂ ਜੋ ਧਰਤੀ ਹੇਠਲੇ ਪਾਣੀ ਨੂੰ ਬਚਾਇਆ ਜਾ ਸਕੇ।ਮੁੱਖ ਮੰਤਰੀ ਨੇ ਸ੍ਰੀ ਚਮਕੌਰ ਸਾਹਿਬ ਨਗਰ ਕੌਂਸਲ ਦੇ ਫੰਡ ਜਲਦੀ ਰਿਲੀਜ਼ ਕਰਨ ਦਾ ਭਰੋਸਾ ਦਿੱਤਾ।ਇਸ ਮੌਕੇ ਪੁੱਛੇ ਇੱਕ ਸਵਾਲ ਦੇ ਜਵਾਬ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਝੋਨੇ ਦੀ ਫਸਲ ਮੰਡੀ ਵਿੱਚ ਆਉਣ ਤੋਂ ਪੰਜ ਜਾਂ ਛੇ ਘੰਟਿਆਂ ਦੇ ਬਾਅਦ ਕਿਸਾਨਾਂ ਨੂੰ ਵਿਹਲਾ ਕਰਕੇ ਘਰੋ ਘਰੀਂ ਤੋਰ ਦਿੱਤਾ ਜਾਵੇਗਾ ਅਤੇ ਕਿਸੇ ਵੀ ਕਿਸਾਨ ਨੂੰ ਮੰਡੀਆਂ ਵਿੱਚ ਰੁਲਣ ਨਹੀਂ ਦਿੱਤਾ ਜਾਵੇਗਾ।ਇਸ ਮੌਕੇ ਕੌਂਸਲਰ ਭੁਪਿੰਦਰ ਸਿੰਘ ਭੂਰਾ, ਸੁਖਵੀਰ ਸਿੰਘ, ਸਾਬਕਾ ਸਰਪੰਚ ਜਗਦੇਵ ਸਿੰਘ, ਦਲਵੀਰ ਸਿੰਘ ਅਟਾਰੀ ਅਤੇ ਜਤਿੰਦਰ ਸਿੰਘ ਮਿੰਟੂ ਆਦਿ ਹਾਜ਼ਰ ਸਨ।

ਦੁਸਹਿਰੇ ਦੀਆਂ ਤਿਆਰੀਆਂ ਮੁਕੰਮਲ : ਸ਼ਰਮਾ

ਅਜਨਾਲਾ (ਸੁੱਖਤਿੰਦਰ ਸਿੰਘ ਰਾਜੂ)-ਅਜਨਾਲਾ ਸ਼ਹਿਰ ਵਿੱਚ ਹਰ ਸਾਲ ਭਗਵਾਨ ਰਾਮ ਜੀ ਦੀ ਰਾਮਲੀਲ੍ਹਾ ਖੇਡੀ ਜਾਂਦੀ ਹੈ ਜੋ ਇਸ ਵਾਰ ਵੀ ਤਿੰਨ ਅਕਤੂਬਰ ਤੋਂ ਸ਼ੁਰੂ ਹੋਈ ਹੈ ਜਿਸ ਵਿੱਚ ਪਹਿਲੀ ਰਾਮਲੀਲ੍ਹਾ ਦੀ ਨਾਈਟ ਦਾ ਉਦਘਾਟਨ ਅਜਨਾਲਾ ਨਗਰ ਪੰਚਾਇਤ ਦੇ ਪ੍ਰਧਾਨ ਜਸਪਾਲ ਸਿੰਘ ਭੱਟੀ ਨੇ ਕੀਤਾ ਅਤੇ ਛੇਵੀਂ ਨਾਈਟ ਦਾ ਉਦਘਾਟਨ ਅਜਨਾਲੇ ਦੇ ਸਾਬਕਾ ਵਿਧਾਇਕ ਹਰਪ੍ਰਤਾਪ ਸਿੰਘ ਅਜਨਾਲਾ ਕਰਨਗੇ ਅਤੇ ਅੱਠਵੀਂ ਨਾਈਟ ਦਾ ਉਦਘਾਟਨ ਸਾਬਕਾ ਵਿਧਾਇਕ ਬੋਨੀ ਅਮਰਪਾਲ ਸਿੰਘ ਅਜਨਾਲਾ ਨੇ ਉਦਘਾਟਨ ਕਰਨਾ ਹੈ। 12 ਅਕਤੂਬਰ ਵਾਲੇ ਦਿਨ ਕੀਰਤਨ ਦਰਬਾਰ ਸੁਸਾਇਟੀ ਅਜਨਾਲਾ ਦੀ ਗਰਾਊਂਡ ਵਿੱਚ ਦੁਸਹਿਰੇ ਦਾ ਤਿਉਹਾਰ ਮਨਾਇਆ ਜਾਵੇਗਾ। ਦੁਸਹਿਰੇ ਦੇ ਮੌਕੇ ਪੰਜਾਬ ਦੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਰੀਵਾਲ ਵਿਸ਼ੇਸ਼ ਤੌਰ 'ਤੇ ਪਹੁੰਚਣਗੇ ਅਤੇ ਕਲਾਕਾਰਾਂ ਅਤੇ ਆਏ ਹੋਏ ਵਿਸ਼ੇਸ਼ ਮਹਿਮਾਨਾਂ ਦਾ ਸਨਮਾਨ ਕਰਨਗੇ। ਇਸ ਮੌਕੇ ਨਿਊ ਸ਼ਿਵ ਸ਼ੰਕਰ ਡਰਾਮਾ ਟੀ ਕਲੱਬ ਵੱਲੋਂ ਅਜਨਾਲਾ ਦੇ ਡੀ ਐਸ ਪੀ ਗੁਰਵਿੰਦਰ ਸਿੰਘ ਔਲਖ ਨੂੰ ਵੀ ਵਿਸ਼ੇਸ਼ ਸੱਦਾ ਪੱਤਰ ਦਿੱਤਾ ਗਿਆ ਹੈ, ਉਨਾਂ ਨੂੰ ਵੀ ਦੁਸਹਿਰੇ ਦੇ ਮੌਕੇ ਸਨਮਾਨਤ ਕੀਤਾ ਜਾਵੇਗਾ ਅਤੇ ਦਸਵੀਂ ਨਾਈਟ ਰਾਮ ਤਿਲਕ ਵਾਲੇ ਦਿਨ ਗੁਰੂ ਕਾ ਲੰਗਰ ਅਤੂੱਟ ਵਰਤਾਇਆ ਜਾਵੇਗਾ। ਇਸ ਸਬੰਧ ਵਿੱਚ ਨਿਊ ਸ਼ਮਸ਼ੰਕਰ ਡਰਾਮੇਟਿਕ ਕਲੱਬ ਦੇ ਪ੍ਰਧਾਨ ਪੰਡਿਤ ਕਿਸ਼ੋਰੀ ਲਾਲ ਸ਼ਰਮਾ ਨੇ ਦੱਸਿਆ ਕਿ ਰਾਵਣ, ਕੁੰਭਕਰਨ ਅਤੇ ਮੇਘਨਾਥ ਦੇ ਪੁਤਲੇ ਵਿਸ਼ੇਸ਼ ਤੌਰ 'ਤੇ ਤਿਆਰ ਕੀਤੇ ਜਾ ਰਹੇ ਹਨ।

ਨੌਵੇਂ ਪਾਤਸ਼ਾਹ ਤੇ ਮਾਤਾ ਗੁਜਰੀ ਜੀ ਦੇ ਵਿਆਹ ਪੁਰਬ ਨੂੰ ਸਮਰਪਤ ਨਗਰ ਕੀਰਤਨ ਸਜਾਇਆ

ਬਾਬਾ ਬਕਾਲਾ ਸਾਹਿਬ (ਜਸਪਾਲ ਸਿੰਘ)-ਗੁਰਦੁਆਰਾ ਨੌਵੀਂ ਪਾਤਸ਼ਾਹੀ ਬਾਬਾ ਬਕਾਲਾ ਸਾਹਿਬ ਤੋਂ 9ਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਅਤੇ ਮਾਤਾ ਗੁਜਰੀ ਜੀ ਦੇ ਵਿਆਹ ਪੁਰਬ ਨੂੰ ਸਮਰਪਤ (ਬਰਾਤ ਰੂਪੀ) ਨਗਰ ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਹੇਠ ਅਤੇ ਪੰਜਾਂ ਪਿਆਰਿਆਂ ਦੀ ਅਗਵਾਈ ਹੇਠ ਗੁਰਦੁਆਰਾ ਸ੍ਰੀ ਥੰਮ੍ਹ ਸਾਹਿਬ, ਕਰਤਾਰਪੁਰ (ਜਲੰਧਰ) ਤੱਕ ਸਜਾਇਆ ਗਿਆ। ਇਸ ਮੌਕੇ ਸਾਬਕਾ ਵਿਧਾਇਕ ਜ: ਬਲਜੀਤ ਸਿੰਘ ਜਲਾਲ ਉਸਮਾਂ ਮੈਂਬਰ ਸ਼੍ਰੋਮਣੀ ਕਮੇਟੀ ਅਤੇ ਮੈਨੇਜਰ ਭਾਈ ਗੁਰਪ੍ਰੀਤ ਸਿੰਘ ਮੱਲੇਵਾਲ ਨੇ ਸੰਗਤਾਂ ਨੂੰ ਗੁਰੂ ਸਾਹਿਬ ਦੇ ਵਿਆਹ ਪੁਰਬ ਦੀ ਵਧਾਈ ਦਿੱਤੀ। ਇਸ ਮੌਕੇ ਤਰਨਾ ਦਲ ਬਾਬਾ ਬਕਾਲਾ ਸਾਹਿਬ ਦੇ 16ਵੇਂ ਮੁਖੀ ਸਿੰਘ ਸਾਹਿਬ ਜ: ਬਾਬਾ ਜੋਗਾ ਸਿੰਘ ਵੱਲੋਂ ਬਾਬਾ ਸੁੱਖਾ ਸਿੰਘ, ਬਾਬਾ ਬਲਕਾਰ ਸਿੰਘ ਸੁਧਾਰ ਕਾਰ ਸੇਵਾ ਵਾਲੇ, ਬਾਬਾ ਬੱਬੂ ਕਾਰ ਸੇਵਾ ਸਰਹਾਲੀ ਵਾਲੇ, ਮੈਨੇਜਰ ਭਾਈ ਗੁਰਪ੍ਰੀਤ ਸਿੰਘ ਮੱਲੇਵਾਲ, ਮੀਤ ਮੈਨੇਜਰ ਭਾਈ ਜਗਤਾਰ ਸਿੰਘ, ਸਾ: ਮੀਤ ਮੈਨੇਜਰ ਭਾਈ ਮੋਹਣ ਸਿੰਘ ਕੰਗ, ਪ੍ਰਿੰ: ਦਿਲਬਾਗ ਸਿੰਘ ਮਾਨ, ਪ੍ਰਿੰ: ਕੁਲਬੀਰ ਸਿੰਘ ਮਾਨ, ਜਸਪਾਲ ਸਿੰਘ ਬਲਸਰਾਏ ਪ੍ਰਚਾਰਕ, ਰਣਜੀਤ ਸਿੰਘ ਸੇਰੋਂ, ਰਾਜਿੰਦਰ ਸਿੰਘ ਲਿੱਦੜ, ਸੁਖਬੀਰ ਸਿੰਘ ਸੇਰੋਂ, ਅਮਰੀਕ ਸਿੰਘ ਬੇਦਾਦਪੁਰ, ਗੁਰਮੀਤ ਸਿੰਘ ਬੈਂਕ ਵਾਲੇ, ਮਾ: ਇਕਬਾਲ ਸਿੰਘ ਸੈਕਟਰੀ, ਤੇਜਿੰਦਰ ਸਿੰਘ ਅਠੌਲਾ,ਡਾ: ਜਸਵੰਤ ਸਿੰਘ ਜੱਸ, ਪ੍ਰਤਾਪ ਸਿੰਘ, ਚਾਚਾ ਮਲਕੀਤ ਸਿੰਘ, ਜੈਵਿੰਦਰ ਸਿੰਘ ਭੁੱਲਰ ਪ੍ਰਧਾਨ ਸ਼ਹਿਰੀ, ਪ੍ਰਧਾਨ ਸੁਖਦੇਵ ਸਿੰਘ ਔਜਲਾ, ਸੀ: ਮੀਤ ਪ੍ਰਧਾਨ ਜੈਮਲ ਸਿੰਘ ਭੁੱਲਰ, ਅਮਰਜੀਤ ਸਿੰਘ ਅਕਾਊਂਟੈਂਟ, ਮਨਜਿੰਦਰ ਸਿੰਘ ਹੀਰਾ, ਖਾਲਸਾ ਨਿਰਵੈਰ ਸਿੰਘ, ਜਰਮਨਜੀਤ ਸਿੰਘ ਜਲਾਲ ਉਸਮਾਂ, ਗੁਰਮਿੰਦਰ ਸਿੰਘ ਡੱਲਾ ਸਟੋਰ ਕੀਪਰ, ਹਰਭਿੰਦਰ ਸਿੰਘ ਧਾਰੋਵਾਲੀ, ਗੁਰਭੇਜ ਸਿੰਘ ਕੰਗ (ਸਰਾਂ), ਨਿਰਮਲ ਸਿੰਘ, ਸਰਬਜੀਤ ਸਿੰਘ ਪੱਡਾ, ਹਰਪ੍ਰੀਤ ਸਿੰਘ ਆਨੰਦ, ਜ: ਚਰਨਜੀਤ ਸਿੰਘ ਸਹਾਇਕ ਸਟੋਰ ਕੀਪਰ, ਬਲਵਿੰਦਰ ਸਿੰਘ ਕੰਵਲ, ਅਮਰਜੀਤ ਸਿੰਘ ਘੁੱਕ, ਰਣਜੀਤ ਸਿੰਘ ਅਤੇ ਹੋਰ ਸੰਗਤਾਂ ਮੌਜੂਦ ਸਨ ।

ਅਮਨ-ਸ਼ਾਂਤੀ ਦੇ ਮੱਦੇਨਜ਼ਰ ਪੁਲਸ ਨੇ ਕੱਢਿਆ ਫਲੈਗ ਮਾਰਚ

ਦੀਨਾਨਗਰ (ਸੰਜੀਵ)-ਪੰਚਾਇਤੀ ਚੋਣਾਂ ਦੇ ਮੱਦੇਨਜ਼ਰ ਖੇਤਰ 'ਚ ਅਮਨ-ਸ਼ਾਂਤੀ ਕਾਇਮ ਰੱਖਣ ਤੇ ਚੋਣਾਂ ਸ਼ਾਂਤੀਪੂਰਵਕ ਕਰਵਾਉਣ ਸਬੰਧੀ ਐੱਸਪੀਡੀ ਬਲਵਿੰਦਰ ਸਿੰਘ ਰੰਧਾਵਾ ਦੀ ਅਗਵਾਈ ਹੇਠ ਸ਼ਹਿਰ 'ਚ ਫਲੈਗ ਮਾਰਚ ਕੱਢਿਆ। ਪੁਲਸ ਥਾਣਾ ਦੀਨਾਨਗਰ ਤੋਂ ਸ਼ੁਰੂ ਹੋ ਕੇ ਸ਼ਹਿਰ ਦੀਆਂ ਵੱਖ-ਵੱਖ ਥਾਵਾਂ ਤੋਂ ਹੁੰਦਾ ਹੋਇਆ ਇਹ ਮਾਰਚ ਪੁਲਸ ਥਾਣੇ ਸੰਪੰਨ ਹੋਇਆ।ਇਸ ਮੌਕੇ ਐੱਸਪੀਡੀ ਬਲਵਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਫਲੈਗ ਮਾਰਚ ਐੱਸਐੱਸਪੀ ਹਰੀਸ਼ ਦਯਾਮਾ ਦੇ ਦਿਸ਼ਾ ਨਿਰਦੇਸ਼ਾਂ ਹੇਠ ਕੱਢਿਆ ਗਿਆ।ਉਨ ਿ ਕਿਹਾ ਕਿ ਫਲੈਗ ਮਾਰਚ ਪੰਚਾਇਤੀ ਚੋਣਾਂ ਨੂੰ ਅਮਨ-ਸ਼ਾਂਤੀ ਨਾਲ ਕਰਵਾਉਣ ਤੇ ਸ਼ਰਾਰਤੀ ਅਨਸਰਾਂ 'ਤੇ ਨਕੇਲ ਕੱਸਣ ਦੇ ਨਜ਼ਰੀਏ ਤੋਂ ਕੱਢਿਆ ਗਿਆ ਹੈ।ਇਸ ਮੌਕੇ ਏਐੱਸਪੀ ਦੀਨਾਨਗਰ ਦਿਲਪ੍ਰੀਤ ਸਿੰਘ, ਐੱਸਐੱਚਓ ਦੀਨਾਨਗਰ ਅਜਵਿੰਦਰ ਸਿੰਘ, ਐੱਸਐੱਚਓ ਬਹਿਰਾਮਪੁਰ, ਓਂਕਾਰ ਸਿੰਘ ਸਣੇ ਫਲੈਗ ਮਾਰਚ 'ਚ ਪੁਲਸ ਦੇ ਕਈ ਅਧਿਕਾਰੀ ਸ਼ਾਮਿਲ ਸਨ।

100 ਗ੍ਰਾਮ ਹੈਰੋਇਨ ਸਮੇਤ ਦੋ ਕਾਬੂ

ਗੁਰਦਾਸਪੁਰ (ਜਨਕ ਮਹਾਜਨ)- ਥਾਣਾ ਦੋਰਾਂਗਲਾ ਪੁਲਿਸ ਨੇ 100 ਗ੍ਰਾਮ ਹੈਰੋਇਨ ਸਮੇਤ 2 ਵਿਅਕਤਆਂ ਨੂੰ ਗ੍ਰਿਫਤਾਰ ਕੀਤਾ ਹੈ। ਏ.ਐਸ.ਆਈ. ਬਲਜਿੰਦਰ ਸਿੰਘ ਸੀ.ਆਈ.ਏ. ਸਟਾਫ ਗੁਰਦਾਸਪੁਰ ਟੀ.ਪੁਆਇੰਟ ਪਿੰਡ ਮਨਸੂਰਾ ਨੇੜੇ ਪਾਣੀ ਵਾਲੀ ਟੈਂਕੀ ਥਾਣਾ ਦੋਰਾਂਗਲਾ ਮੌਜੂਦ ਸੀ ਕਿ ਟੋਟਾ ਮੋੜ ਵਲੋਂ ਪੈਦਲ ਆਉਂਦੇ ਨਿਸ਼ਾਨ ਸਿੰਘ ਪੁੱਤਰ ਦਲਬੀਰ ਸਿੰਘ ਵਾਸੀ ਧਰਮਕੋਟ ਪੱਤਨ, ਵਤਨਪਾਲ ਪੁੱਤਰ ਸੁਖਵਿੰਦਰ ਸਿੰਘ ਵਾਸੀ ਡੇਹਰੀਵਾਲ ਕਿਰਨ ਨੂੰ ਸ਼ੱਕ ਦੇ ਆਧਾਰ 'ਤੇ ਕਾਬੂ ਕੀਤਾ ਅਤੇ ਉਸ ਪਾਸੋਂ ਬਰਾਮਦ ਮੋਮੀ ਲਿਫਾਫੇ ਵਿੱਚ ਨਸ਼ੀਲਾ ਪਦਾਰਥ ਦਾ ਸ਼ੱਕ ਹੋਣ 'ਤੇ ਥਾਣਾ ਦੋਰਾਂਗਲਾ ਇਤਲਾਹ ਦਿੱਤੀ, ਜਿਸ 'ਤੇ ਤਫਤੀਸ਼ ਅਫਸਰ ਨੂੰ ਮੌਕੇ 'ਤੇ ਕਾਰਵਾਈ ਕਰਨ ਲਈ ਭੇਜਣ ਲਈ ਕਿਹਾ ਗਿਆ। ਤਫਤੀਸ਼ੀ ਅਫਸਰ ਐਸ.ਆਈ. ਰਮਨ ਕੁਮਾਰ ਨੇ ਸਮੇਤ ਪੁਲਸ ਪਾਰਟੀ ਕਾਬੂ ਕੀਤੇ ਦੋਵਾਂ ਵਿਅਕਤੀਆਂ ਪਾਸੋਂ ਬਰਾਮਦ ਮੋਮੀ ਲਿਫਾਫੇ ਨੂੰ ਚੈਕ ਕੀਤਾ ਜਿਸ ਵਿਚੋਂ 100 ਗ੍ਰਾਮ ਹੈਰੋਇਨ ਬਰਾਮਦ ਹੋਈ। ਥਾਣਾ ਦੋਰਾਂਗਲਾ ਪੁਲਿਸ ਨੇ ਐਨ.ਡੀ.ਪੀ.ਐਸ. ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

ਸਰਕਾਰ ਆੜ੍ਹਤੀਆਂ ਦੇ ਮਸਲਿਆਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਵਾਏ : ਚਾਹਲ

ਕਾਲਾ ਸੰਘਿਆਂ (ਮਨਜੀਤ ਮਾਨ) ਇਥੇ ਡਾਕਟਰ ਹਰਪਾਲ ਸਿੰਘ ਚਾਹਲ ਪ੍ਰਧਾਨ ਕੱਚਾ ਆੜ੍ਹਤੀਆ ਐਸੋਸੀਏਸ਼ਨ ਉੱਗੀ, ਤਲਵੰਡੀ ਭਰੋ, ਖੀਵਾ, ਰਾਜ ਕੁਮਾਰ ਜਗੋਤਾ ਵਾਇਸ ਪ੍ਰਧਾਨ ਪੰਜਾਬ ਨੇ ਪ੍ਰੈਸ ਦੇ ਨਾਂਅ ਇਕ ਲਿਖਤੀ ਬਿਆਨ ਜਾਰੀ ਕਰਦਿਆਂ ਕਿਹਾ ਕਿ ਕਿ ਮੌਜੂਦਾ ਆਪ ਸਰਕਾਰ ਆੜ੍ਹਤੀਆਂ ਦੀਆ ਮੰਗਾਂ 2.5 ਪ੍ਰਤੀਸ਼ਤ ਆੜ੍ਹਤ, ਮਜ਼ਦੂਰਾਂ ਦਾ ਕੱਟਿਆ ਈ ਪੀ ਐਫ਼ ਮੰਡੀਆਂ ਵਿੱਚੋਂ ਲਿਫਟਿੰਗ ਅਤੇ ਮਾਲ ਦੀ ਚੁਕਾਈ ਦੇ ਮਸਲੇ ਹੱਲ ਨਹੀਂ ਹੋ ਰਹੇ ਉਕਤ ਆਗੂਆਂ ਨੇ ਮੌਜੂਦਾ ਆਪ ਸਰਕਾਰ ਅਪੀਲ ਕਰਦਿਆਂ ਕਿਹਾ ਕਿ ਪੰਜਾਬ ਵਿੱਚੋਂ 190 ਲੱਖ ਮੀਟ੍ਰਿਕ ਟਨ ਝੋਨੇ ਦੀ ਖਰੀਦ ਕੀਤੀ ਜਾਂਦੀ ਹੈ ਜਿਸ ਵਿੱਚੋਂ 125 ਲੱਖ ਮੀਟ੍ਰਿਕ ਟਨ ਚਾਵਲ ਨਿਕਲਦੇ ਹਨ ਪਿਛਲੇ ਸਾਲ ਦੇ ਚਾਵਲ ਵੀ ਅਜੇ ਗੁਦਾਮਾਂ ਵਿੱਚ ਪਏ ਹਨ ਜੋ ਕਿ ਸਰਕਾਰ ਨੇ ਨਹੀਂ ਚੁੱਕੇ ਅਤੇ ਇਸ ਸਾਲ ਦਾ ਝੋਨਾ ਲਾਉਣ ਲਈ ਸੈਲਰਾ ਵਿੱਚ ਜਗ੍ਹਾ ਨਹੀਂ ਹੈ ਅਤੇ ਸੈਲਰ ਮਾਲਕ ਸਰਕਾਰ ਨਾਲ ਝੋਨਾ ਲਗਾਉਣ ਲਈ ਐਗਰੀਕਲਚਰ ਨਹੀਂ ਕਰ ਰਹੇ ਇਸ ਕਰਕੇ ਸਰਕਾਰ ਨੂੰ ਸਾਰੇ ਮਸਲੇ ਪਹਿਲ ਦੇ ਆਧਾਰ 'ਤੇ ਹੱਲ ਕਰਨੇ ਚਾਹੀਦੇ ਹਨ ਤਾਂ ਜੋ ਮੰਡੀਆਂ ਵਿੱਚ ਸਮੇਂ ਸਿਰ ਝੋਨੇ ਦੀ ਖਰੀਦ ਸ਼ੁਰੂ ਹੋ ਸਕੇ ਉਕਤ ਆਗੂਆਂ ਨੇ ਮੌਜੂਦਾ 'ਆਪ' ਸਰਕਾਰ ਨੂੰ 'ਆਪ' ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ 'ਆਪ' ਸਰਕਾਰ ਨੇ ਕੱਚਾ ਆੜ੍ਹਤੀਆ ਐਸੋਸੀਏਸ਼ਨ ਦੀਆਂ ਹੱਕੀ ਤੇ ਜਾਇਜ਼ ਮੰਗਾਂ ਨਾ ਮੰਨੀਆਂ ਤਾਂ ਆਉਣ ਵਾਲੇ ਦਿਨਾਂ ਵਿੱਚ ਕੱਚਾ ਆੜ੍ਹਤੀਆ ਐਸੋਸੀਏਸ਼ਨ ਵੱਲੋਂ ਬਹੁਤ ਵੱਡੇ ਪੱਧਰ 'ਤੇ ਸੰਘਰਸ਼ ਵਿੱਢਿਆ ਜਾਵੇਗਾ।

ਬਾਬਾ ਬੁੱਢਾ ਜੀ ਬੀੜ ਸਾਹਿਬ ਦੇ ਸਲਾਨਾ ਜੋੜ ਮੇਲੇ ਦੇ ਦੂਸਰੇ ਦਿਨ ਸਜਾਏ ਭਾਰੀ ਦੀਵਾਨ

ਤਰਨ ਤਾਰਨ/ਝਬਾਲ, (ਹਰਦੀਪ ਸਿੰਘ ਝਬਾਲ, ਸੁਖਜਿੰਦਰ ਸਿੰਘ)-ਮਾਝੇ ਦੇ ਪ੍ਰਸਿੱਧ ਇਤਿਹਾਸਕ ਤੇ ਧਾਰਮਿਕ ਅਸਥਾਨ ਗੁ: ਬੀੜ ਬਾਬਾ ਬੁੱਢਾ ਸਾਹਿਬ ਜੀ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਇਲਾਕੇ ਦੀਆਂ ਸੰਗਤਾਂ ਦੇ ਵਡਮੁੱਲੇ ਸਹਿਯੋਗ ਸਦਕਾ ਮਨਾਏ ਜਾ ਰਹੇ ਸਲਾਨਾ ਜੋੜ ਮੇਲੇ ਮੌਕੇ ਦੂਸਰੇ ਦਿਨ ਦੇਸ਼ ਵਿਦੇਸ਼ ਤੋਂ ਪੁੱਜੀਆਂ ਲੱਖਾਂ

ਨਵਾਂ ਜ਼ਮਾਨਾ
ਮੰਗਲਵਾਰ, 8 ਅਕਤੂਬਰ 2024

ਸ਼ਰਮ ਦਾ ਘਾਟਾ

ਜੰਮੂ-ਕਸ਼ਮੀਰ ਤੇ ਹਰਿਆਣਾ ਅਸੰਬਲੀਆਂ ਦੇ ਅੱਜ ਚੋਣ ਨਤੀਜੇ ਜੋ ਵੀ ਨਿਕਲਣ, ਪਰ ਇਨ੍ਹਾਂ ਚੋਣਾਂ ਨੇ ਇੱਕ ਵਾਰ ਫਿਰ ਇਹ ਸਾਬਤ ਕਰ ਦਿੱਤਾ ਹੈ ਕਿ ਭਾਜਪਾ ਸੱਤਾ 'ਤੇ ਕਾਬਜ਼ ਹੋਣ ਲਈ ਕਿਸੇ ਵੀ ਹੱਦ ਤੱਕ ਡਿਗ ਸਕਦੀ ਹੈ। ਸੁਪਰੀਮ ਕੋਰਟ ਦੇ ਹੁਕਮ ਤੋਂ ਬਾਅਦ ਜੰਮੂ-ਕਸ਼ਮੀਰ ਵਿੱਚ ਅਸੰਬਲੀ ਚੋਣਾਂ ਕਰਾਉਣ ਲਈ ਮਜਬੂਰ ਹੋਈ ਭਾਜਪਾ ਨੇ ਪੂਰੀ ਕੋਸ਼ਿਸ਼ ਕੀਤੀ ਕਿ ਦੋਹੀਂ ਥਾਈਂ ਸਰਕਾਰ 'ਤੇ ਉਸ ਦਾ ਕਬਜ਼ਾ ਹੋਵੇ। ਇਸ ਲਈ ਉਸ ਨੇ ਆਪਣੇ ਰਵਾਇਤੀ ਪ੍ਰਭਾਵ ਵਾਲੇ ਜੰਮੂ ਇਲਾਕੇ ਵਿੱਚ ਤਾਂ ਪੂਰੀ ਤਾਕਤ ਨਾਲ ਚੋਣ ਲੜੀ, ਪਰ ਕਸ਼ਮੀਰ ਵਾਦੀ 'ਚ ਨੈਸ਼ਨਲ ਕਾਨਫਰੰਸ ਤੇ ਕਾਂਗਰਸ ਦੇ ਗੱਠਜੋੜ ਨੂੰ ਰੋਕਣ ਲਈ ਅਸਿੱਧੇ ਤੌਰ 'ਤੇ ਉਨ੍ਹਾਂ ਤਾਕਤਾਂ ਦਾ ਸਹਾਰਾ ਲਿਆ, ਜਿਨ੍ਹਾਂ ਨੂੰ ਉਹ ਦਹਿਸ਼ਤਗਰਦ ਤੇ ਪਾਕਿਸਤਾਨ-ਪ੍ਰਸਤ ਵੱਖਵਾਦੀ ਕਹਿ ਕੇ ਭੰਡਦੀ ਨਹੀਂ ਸੀ ਥੱਕਦੀ ਹੁੰਦੀ। ਕਸ਼ਮੀਰ ਵਿੱਚ ਭਾਜਪਾ ਨੇ 47 ਵਿੱਚੋਂ ਸਿਰਫ 19 ਸੀਟਾਂ ਲੜੀਆਂ ਅਤੇ ਕਈ ਸੀਟਾਂ 'ਤੇ ਸਾਂਸਦ ਇੰਜੀਨੀਅਰ ਰਸ਼ੀਦ ਦੀ ਅਵਾਮੀ ਇਤਿਹਾਦ ਪਾਰਟੀ ਦੇ ਉਮੀਦਵਾਰਾਂ ਅਤੇ ਜਮਾਇਤੇ ਇਸਲਾਮੀ ਨਾਲ ਜੁੜੇ ਤੇ ਹੋਰ ਆਜ਼ਾਦ ਉਮੀਦਵਾਰਾਂ ਦੀ ਹਮਾਇਤ ਕੀਤੀ, ਜਿਨ੍ਹਾਂ ਨੂੰ ਜਿੱਤਣ 'ਤੇ ਉਹ ਵਰਤ ਸਕਦੀ ਹੈ। ਇੰਜੀਨੀਅਰ ਰਸ਼ੀਦ ਨੇ ਲੋਕ ਸਭਾ ਚੋਣਾਂ ਵਿੱਚ ਸਾਬਕਾ ਮੁੱਖ ਮੰਤਰੀ ਉਮਰ ਅਬਦੁੱਲਾ ਨੂੰ ਹਰਾਇਆ ਸੀ। ਲੋਕ ਸਭਾ ਦੀ ਮੈਂਬਰੀ ਦੀ ਸਹੁੰ ਚੁੱਕਣ ਲਈ ਉਸ ਨੂੰ ਥੋੜ੍ਹੀ ਦੇਰ ਲਈ ਜੇਲ੍ਹ ਵਿੱਚੋਂ ਛੱਡਿਆ ਗਿਆ ਸੀ, ਪਰ ਸੰਸਦ ਦੀ ਕਾਰਵਾਈ 'ਚ ਹਿੱਸਾ ਲੈਣ ਲਈ ਉਸ ਦੀ ਜ਼ਮਾਨਤ ਦੀ ਅਰਜ਼ੀ ਖਾਰਜ ਕਰ ਦਿੱਤੀ ਗਈ ਸੀ। ਅਚਾਨਕ ਪਤਾ ਨਹੀਂ ਕੀ ਹੋਇਆ ਕਿ ਅਸੰਬਲੀ ਚੋਣਾਂ ਵਿਚ ਪ੍ਰਚਾਰ ਲਈ ਉਸ ਨੂੰ ਜ਼ਮਾਨਤ ਮਿਲ ਗਈ। ਹੇਠਲੀ ਅਦਾਲਤ ਨੇ ਉਸ ਨੂੰ ਦੋ ਅਕਤੂਬਰ ਤੱਕ ਲਈ ਜ਼ਮਾਨਤ ਦਿੱਤੀ, ਕਿਉਂਕਿ ਇੱਕ ਅਕਤੂਬਰ ਨੂੰ ਪੋਲਿੰਗ ਹੋਣੀ ਸੀ। ਇਸ ਦੇ ਬਾਅਦ ਉਸ ਨੂੰ ਜੇਲ੍ਹ ਜਾਣਾ ਪੈਣਾ ਸੀ, ਪਰ ਅਦਾਲਤ ਨੇ ਉਸ ਦੀ ਅੰਤਰਮ ਜ਼ਮਾਨਤ 10 ਦਿਨ ਹੋਰ ਵਧਾ ਦਿੱਤੀ। ਦਿਲਚਸਪ ਗੱਲ ਹੈ ਕਿ ਹੇਮੰਤ ਸੋਰੇਨ ਤੇ ਅਰਵਿੰਦ ਕੇਜਰੀਵਾਲ ਵਰਗੇ ਆਪੋਜ਼ੀਸ਼ਨ ਆਗੂਆਂ ਦੀ ਕਿਸੇ ਕੇਸ 'ਚ ਹੇਠਲੀ ਅਦਾਲਤ 'ਚ ਜ਼ਮਾਨਤ ਹੁੰਦੇ ਹੀ ਕੇਂਦਰੀ ਏਜੰਸੀਆਂ ਜ਼ਮਾਨਤ ਰੁਕਵਾਉਣ ਲਈ ਸੁਪਰੀਮ ਕੋਰਟ ਤੱਕ ਜਾਂਦੀਆਂ ਹਨ, ਪਰ ਰਸ਼ੀਦ ਦੇ ਮਾਮਲੇ ਵਿੱਚ ਚੁੱਪ ਰਹੀਆਂ। ਰਸ਼ੀਦ ਦੀ ਅੰਤਰਮ ਜ਼ਮਾਨਤ 10 ਦਿਨ ਹੋਰ ਵਧਣ ਨੂੰ ਤ੍ਰਿਸ਼ੰਕੂ ਅਸੰਬਲੀ ਬਣਨ ਦੀ ਸੂਰਤ ਵਿੱਚ ਭਾਜਪਾ ਵੱਲੋਂ ਕੀਤੇ ਜਾਣ ਵਾਲੇ ਜੋੜ-ਤੋੜ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਭਾਜਪਾ ਨੂੰ ਲਗਦਾ ਹੈ ਕਿ ਉਹ ਸਭ ਤੋਂ ਵੱਡੀ ਪਾਰਟੀ ਬਣ ਕੇ ਉੱਭਰੇਗੀ ਤੇ ਫਿਰ ਬਹੁਮਤ ਜੁਟਾਉਣ ਲਈ ਰਸ਼ੀਦ ਵਰਗੇ ਬੰਦੇ ਕੰਮ ਆਉਣਗੇ।

ਜਿਸ ਦਿਨ ਰਸ਼ੀਦ ਦੀ ਜ਼ਮਾਨਤ 10 ਦਿਨ ਵਧੀ, ਉਸੇ ਦਿਨ ਬਲਾਤਕਾਰ ਤੇ ਹੱਤਿਆ ਦੇ ਕੇਸਾਂ 'ਚ ਕੈਦ ਭੁਗਤ ਰਹੇ ਡੇਰਾ ਸਿਰਸਾ ਦੇ ਮੁਖੀ ਰਾਮ ਰਹੀਮ ਨੂੰ ਪੈਰੋਲ 'ਤੇ ਰਿਹਾਅ ਕਰ ਦਿੱਤਾ ਗਿਆ, ਤਾਂ ਕਿ ਉਹ ਆਪਣੇ ਸੇਵਾਦਾਰਾਂ ਰਾਹੀਂ ਆਪਣੇ ਪੈਰੋਕਾਰਾਂ ਤੱਕ ਇਹ ਸੁਨੇਹਾ ਪਹੁੰਚਾ ਸਕੇ ਕਿ ਭਾਜਪਾਈਆਂ ਨੂੰ ਜਿਤਾਉਣਾ ਹੈ।

ਚੋਣ ਨਤੀਜੇ ਜੋ ਵੀ ਰਹਿਣ, ਪਰ ਇਨ੍ਹਾਂ ਚੋਣਾਂ ਨੇ ਇੱਕ ਵਾਰ ਫਿਰ ਸਾਬਤ ਕਰ ਦਿੱਤਾ ਹੈ ਕਿ ਦਹਿਸ਼ਤਗਰਦੀ ਦਾ ਹਮਾਇਤੀ ਹੋਵੇ ਜਾਂ ਹੱਤਿਆ ਤੇ ਬਲਾਤਕਾਰ ਦਾ ਦੋਸ਼ੀ, ਚੋਣਾਂ ਵਿੱਚ ਲੋੜ ਪੈਣ 'ਤੇ ਭਾਜਪਾ ਨੂੰ ਕਿਸੇ ਤੋਂ ਵੀ ਮਦਦ ਲੈਣ ਵਿੱਚ ਕੋਈ ਸ਼ਰਮ ਨਹੀਂ।

ਵਿਕਾਊ ਮੀਡੀਆ ਲੋਕਤੰਤਰ ਲਈ ਖ਼ਤਰੇ ਦੀ ਘੰਟੀ ....!

ਵਿਕਾਊ ਮੀਡੀਆ, ਪੇਡ ਨਿਊਜ਼ ਇਹ ਸਭ ਲੋਕਤੰਤਰ ਦੇ ਵਿਨਾਸ਼ਕਾਰੀ ਤੱਤ ਹਨ । ਚੋਣਾਂ ਦੌਰਾਨ ਇਸ ਦੀ ਭੂਮਿਕਾ ਹੋਰ ਵੀ ਵਧ ਜਾਂਦੀ ਹੈ ।ਇਸ ਕਾਰਨ ਲੋਕਾਂ ਨੂੰ ਸੱਚ ਦੀ ਥਾਂ ਝੂਠ ਹੀ ਪਰੋਸਿਆ ਜਾਂਦਾ ਹੈ ।ਵਰਨਣਯੋਗ ਹੈ ਕਿ ਝੂਠ ਦੀ ਬੈਸਾਖੀ ਦੇ ਸਹਾਰੇ ਆਖਿਰ ਟੀਚਾ ਹਾਸਲ ਨਹੀਂ ਕੀਤਾ ਜਾ ਸਕਦਾ ।ਝੂਠ ਹਮੇਸ਼ਾ ਝੂਠ ਹੀ ਰਹੇਗਾ ਅਤੇ ਸੱਚ ਹਮੇਸ਼ਾ ਸੱਚ ਹੀ ਰਹੇਗਾ ।ਆਖ਼ਰ ਸਿਆਸੀ ਪਾਰਟੀਆਂ ਇਹ ਗ਼ਲਤ ਰਾਹ ਕਿਉਂ ਅਪਣਾਉਂਦੀਆਂ ਹਨ ? ਉਨ੍ਹਾਂ ਨੂੰ ਸੰਜਮ, ਧੀਰਜ ਅਤੇ ਨਿਡਰਤਾ ਨਾਲ ਸੱਚ ਦਾ ਸਾਹਮਣਾ ਕਰਨਾ ਚਾਹੀਦੈ । ਯਾਦ ਰਖੋ, ਤੁਸੀਂ ਪੈਸੇ ਦੇ ਕੇ ਮੀਡੀਆ ਖਰੀਦ ਸਕਦੇ ਹੋ । ਤੁਸੀਂ ਪੈਸੇ ਖਰਚ ਕੇ ਅਖਬਾਰਾਂ 'ਚ ਆਪਣੀ ਮਸ਼ਹੂਰੀ ਕਰ ਸਕਦੇ ਹੋ, ਪਰ ਇਸ ਨਾਲ ਤੁਸੀਂ ਆਪਣੇ ਟੀਚੇ 'ਚ ਕਦੇ ਵੀ ਕਾਮਯਾਬ ਨਹੀਂ ਹੋ ਸਕਦੇ ।

ਕੀ ਕੋਈ ਪੈਸੇ ਜਾਂ ਤਾਕਤ ਨਾਲ ਸੱਚ ਖਰੀਦ ਸਕਦੇ ਹੋ ? ਇਸ ਨੂੰ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ । ਤੁਸੀਂ ਪੈਸੇ ਨਾਲ ਮੀਡੀਏ 'ਚ ਆਪਣਾ ਪ੍ਰਚਾਰ ਕਰ ਸਕਦੇ ਹੋ । ਤੁਸੀਂ ਉਚਿਤ ਜਾਂ ਅਣਉਚਿਤ ਇਸ਼ਤਿਹਾਰ ਲਗਵਾ ਸਕਦੇ ਹੋ । ਦਰਅਸਲ, ਇਸ ਸਥਿਤੀ 'ਚ ਤੁਸੀਂ ਹਨੇਰੇ 'ਚ ਤੀਰ ਚਲਾ ਰਹੇ ਹੁੰਦੇ ਹੋ । ਤੁਸੀਂ ਅਸਲੀਅਤ ਨੂੰ ਕਿਉਂ ਭੁੱਲ ਰਹੇ ਹੋ ? ਵਿਕਾਊ ਮੀਡੀਆ ਨੂੰ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝ ਲੈਣਾ ਚਾਹੀਦਾ ਹੈ ਕਿ ਲੱਕੜ ਦੇ ਕੜਾਹੇ ਨੂੰ ਅੱਗ 'ਤੇ ਨਹੀਂ ਰੱਖਿਆ ਜਾ ਸਕਦਾ । ਸਾਰਿਆਂ ਨੂੰ ਸੱਚ ਦੇ ਮਾਰਗ 'ਤੇ ਚੱਲਣਾ ਚਾਹੀਦਾ। ਮੀਡੀਆ ਦੀ ਤਸਵੀਰ ਸਪੱਸ਼ਟ ਹੋਣੀ ਜ਼ਰੂਰੀ ਹੈ। ਮੀਡੀਆ ਨੂੰ ਆਪਣਾ ਰੁਖ਼ ਪੂਰੀ ਤਰ੍ਹਾਂ ਸਪੱਸ਼ਟ ਰੱਖਣਾ ਚਾਹੀਦਾ ਹੈ। ਸਿਰਫ਼ ਆਪਣੇ ਹਿੱਤਾਂ ਨੂੰ ਮੁੱਖ ਰੱਖ ਕੇ ਭੋਲੀ-ਭਾਲੀ ਜਨਤਾ ਨੂੰ ਗੁੰਮਰਾਹ ਨਹੀਂ ਕਰਨਾ ਚਾਹੀਦਾ । ਗਲਤ ਖਬਰਾਂ ਅਤੇ ਕੂੜ ਪ੍ਰਚਾਰ ਕਰਨ ਨਾਲ ਸਮਾਜ 'ਚ ਅਸ਼ਾਂਤੀ ਫੈਲਣ ਦਾ ਡਰ ਹੈ । ਜਨਤਾ ਨੂੰ ਅਰਾਜਕਤਾ ਤੋਂ ਬਚਾਉਣਾ ਮੀਡੀਆ ਦਾ ਨੈਤਿਕ ਫਰਜ਼ ਹੈ ।

ਲੋਕਤੰਤਰ ਹੀ ਦੇਸ਼ ਨੂੰ ਮਜ਼ਬੂਤ ਕਰ ਸਕਦਾ ਹੈ । ਸਾਡਾ ਦੇਸ਼ ਪੂਰੀ ਦੁਨੀਆ 'ਚ ਇੱਕ ਮਹਾਨ ਲੋਕਤੰਤਰ ਹੈ । ਇਸ ਲਈ ਇਸ 'ਚ ਮਾਮੂਲੀ ਦਿਖਾਵਾ ਵੀ ਨਹੀਂ ਹੋਣਾ ਚਾਹੀਦੈ । ਇਸ 'ਚ ਸਹੀ ਸੇਧ ਦੇ ਕੇ ਹੀ ਮੀਡੀਆ ਹੀ ਦੇਸ਼ ਨੂੰ ਉੱਚੇ ਮੁਕਾਮ 'ਤੇ ਲੈ ਜਾ ਸਕਦਾ ਹੈ। ਮੀਡੀਆ ਨੂੰ ਹਿੰਸਕ ਅਤੇ ਅਸ਼ਲੀਲ ਦ੍ਰਿਸ਼ ਦਿਖਾਉਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਮੀਡੀਆ ਨੂੰ ਆਪਣੀ ਰੂਹ ਨੂੰ ਅਮੀਰ ਲੋਕਾਂ ਕੋਲ ਗਿਰਵੀ ਨਹੀਂ ਰੱਖਣਾ ਚਾਹੀਦਾ । ਬਦਲਦੇ ਦੌਰ 'ਚ ਮੀਡੀਆ ਆਪਣੇ-ਆਪ ਨੂੰ ਸਹੀ ਢੰਗ ਨਾਲ ਬਦਲ ਲਵੇ ਤਾਂ ਚੰਗਾ ਹੋਵੇਗਾ, ਨਹੀਂ ਤਾਂ ਉਹ ਦਿਨ ਦੂਰ ਨਹੀਂ, ਜਦੋਂ ਲੋਕ ਖੁਦ ਹੀ ਇਸ ਨੂੰ ਉਖਾੜ ਸੁੱਟਣਗੇ। ਮੀਡੀਆ ਨੂੰ ਸਿਰਫ਼ ਇੱਕ ਪਾਸੇ ਦਾ ਹੀ ਗੁਣਗਾਨ ਨਹੀਂ ਕਰਦੇ ਰਹਿਣਾ ਚਾਹੀਦੈ, ਲੋਕਤੰਤਰ ਦਾ ਮਜ਼ਬੂਤ ਥੰਮ੍ਹ ਹੋਣ ਦੇ ਨਾਤੇ ਮੀਡੀਆ ਨੂੰ ਸਾਰੀਆਂ ਸਿਆਸੀ ਪਾਰਟੀਆਂ ਨੂੰ ਬਰਾਬਰ ਸਮਝਣਾ ਚਾਹੀਦਾ ਹੈ । ਉਨ੍ਹਾਂ ਦਾ ਅਸਲ ਪੱਖ ਲੋਕਾਂ ਸਾਹਮਣੇ ਪੇਸ਼ ਕਰਨਾ ਚਾਹੀਦਾ ਹੈ । ਪੈਸੇ ਲੈ ਕੇ ਸਿਰਫ਼ ਕਿਸੇ ਇੱਕ ਧਿਰ ਦੀ ਹੀ ਤਾਰੀਫ਼ ਕਰਨੀ ਕਿਸ ਹੱਦ ਤੱਕ ਉਚਿਤ ਹੈ ? ਜੇਕਰ ਦੇਸ਼ 'ਚ ਭਾਈਚਾਰਕ ਸਾਂਝ ਨੂੰ ਪ੍ਰਫੁੱਲਤ ਕਰਨਾ ਹੈ ਤਾਂ ਮੀਡੀਆ ਨੂੰ ਖੁਦ ਅੱਗੇ ਆਉਣਾ ਚਾਹੀਦਾ ਹੈ । ਇਸ ਨਾਲ ਹੀ ਸਮਾਜ 'ਚ ਖੁਸ਼ਹਾਲੀ ਆਵੇਗੀ। ਜਦੋਂ ਜਨਤਾ ਨੂੰ ਸਹੀ ਅਤੇ ਸੱਚੀਆਂ ਖਬਰਾਂ ਸੁਣਨ, ਪੜ੍ਹਨ ਅਤੇ ਦੇਖਣ ਨੂੰ ਮਿਲਣਗੀਆਂ ਤਾਂ ਸਾਡੇ ਦੇਸ਼ ਨੂੰ ਪੂਰੀ ਦੁਨੀਆ 'ਚ ਬਣਦਾ ਮਾਣ-ਸਤਿਕਾਰ ਮਿਲੇਗਾ ਅਤੇ ਇਸ ਨਾਲ ਹੀ ਸਾਡੇ ਦੇਸ਼ ਦੇ ਮੀਡੀਆ ਦੀ ਭਰੋਸੇਯੋਗਤਾ 'ਤੇ ਸਾਰਿਆਂ ਨੂੰ ਭਰੋਸਾ ਹੋਵੇਗਾ।ਆਧੁਨਿਕ ਸਮਾਜ 'ਚ ਤੁਸੀਂ ਕਿਸੇ ਨੂੰ ਵਾਰ-ਵਾਰ ਧੋਖਾ ਨਹੀਂ ਦੇ ਸਕਦੇ। ਜਨਤਾ ਸਭ ਕੁਝ ਜਾਣਦੀ ਹੈ। ਹੁਣ ਜਨਤਾ ਨੂੰ ਮੂਰਖ ਨਹੀਂ ਬਣਾਇਆ ਜਾ ਸਕਦਾ। ਮਾਮੂਲੀ ਖ਼ਬਰਾਂ, ਅਟਕਲਾਂ ਅਤੇ ਝੂਠੇ ਇਸ਼ਤਿਹਾਰ ਦੇ ਕੇ ਜਨਤਾ ਨੂੰ ਜਿੱਤਿਆ ਨਹੀਂ ਜਾ ਸਕਦਾ। ਅਜਿਹੀ ਸਥਿਤੀ 'ਚ ਲੋਕਾਂ ਦੀ ਨਬਜ਼ ਨੂੰ ਮਹਿਸੂਸ ਕਰਨਾ ਅਸੰਭਵ ਨਹੀਂ ਤਾਂ ਮੁਸ਼ਕਿਲ ਬਹੁਤ ਹੈ। ਪੇਡ ਨਿਊਜ਼ ਦੇਖ ਕੇ ਲੋਕ ਮਨ ਹੀ ਮਨ ਮੁਸਕਰਾਂਦੇ ਹਨ । ਗੁੰਮਰਾਹਕੁੰਨ ਖਬਰਾਂ ਨਾਲ ਚੁਣਾਅ ਸਮੇਂ ਹਰੇਕ ਉਮੀਦਵਾਰ ਆਪਣੀ-ਆਪਣੀ ਜਿੱਤ ਪ੍ਰਤੀ ਗਲਤਫਹਿਮੀ 'ਚ ਰਹਿੰਦੇ ਹਨ । ਆਖਰਕਾਰ ਇਸ ਤਰ੍ਹਾਂ ਉਹ ਮੱਕੜੀ ਵਾਂਗ ਆਪਣੇ ਹੀ ਜਾਲ 'ਚ ਫਸ ਜਾਂਦੇ ਹਨ।

ਚੋਣਾਂ ਦੌਰਾਨ ਸਟੇਜਾਂ 'ਤੇ ਹਰੇਕ ਰਾਜਨੀਤਕ ਦਲ ਦੇ ਲੀਡਰ ਹਰ ਰੋਜ਼ ਇਕ-ਦੂਜੇ 'ਤੇ ਚਿੱਕੜ ਉਛਾਲ ਰਹੇ ਹਨ । ਨੈਤਿਕਤਾ ਨੂੰ ਛਿੱਕੇ ਟੰਗ ਗਲਤ ਪ੍ਰਚਾਰ ਹੋ ਰਿਹਾ ਹੈ । ਇਸ 'ਚ ਬਿਜਲਈ ਮੀਡੀਆ, ਕੁਝ ਕੁ ਅਖਬਾਰਾਂ ਵਾਲੇ ਵੀ ਆਪਣਾ ਕੋਈ ਢੁਕਵਾਂ ਰੋਲ ਅਦਾ ਨਹੀਂ ਕਰ ਰਹੇ । ਜਨਤਾ ਦੇ ਸਾਹਮਣੇ ਸਹੀ ਤੱਥ ਨਹੀਂ ਪੇਸ਼ ਕੀਤੇ ਜਾਂਦੇ ।ਗਲਤ ਇਸ਼ਤਿਹਾਰਬਜੀ ਦਾ ਬਾਜ਼ਾਰ ਸਰਗਰਮ ਹੈ। ਲੋਕਾਂ ਦੇ ਪੈਸੇ ਨੂੰ ਇਸ਼ਤਿਹਾਰਬਾਜੀ ਰਾਹੀਂ ਬਰਬਾਦ ਕੀਤਾ ਜਾ ਰਿਹਾ ਹੈ । ਇਹ ਕਿੰਨੀ ਕੁ ਜਾਇਜ ਗੱਲ ਹੈ ? ਸਮਾਂ ਬਦਲ ਰਿਹਾ ਹੈ । ਇਸ ਬਦਲਦੇ ਦੌਰ 'ਚ ਵਿਕਾਊ ਮੀਡੀਆ ਨੂੰ ਆਪਣੀ ਔਕਾਤ 'ਚ ਰਹਿਣ ਦੀ ਵਧੇਰੇ ਜ਼ਰੂਰਤ ਹੈ । ਆਪਣੇ ਆਪ ਨੂੰ ਬਦਲਣ ਲਈ ਪੈਸੇ ਦਾ ਲਾਲਚ ਛੱਡਣਾ ਹੋਵੇਗਾ ਨਹੀਂ ਤਾਂ ਕਿਸੇ ਨਾ ਕਿਸੇ ਦਿਨ ਇਹ ਵਿਕਾਊ ਮੀਡੀਆ ਸਾਨੂੰ ਸਭ ਨੂੰ ਤਬਾਹ ਕਰ ਦੇਵੇਗਾ । ਵਿਕਾਊ ਮੀਡੀਆ ਨੂੰ ਜੜ੍ਹੋਂ ਪੁੱਟਣ ਲਈ ਕਿਸੇ ਨੂੰ ਤਾਂ ਪਹਿਲ ਕਰਨੀ ਹੋਵੇਗੀ । ਇਸ ਨਾਲ ਸਾਰਿਆਂ ਨੂੰ ਫਾਇਦਾ ਹੋਵੇਗਾ ਅਤੇ ਸਿਹਤਮੰਦ ਸਮਾਜ ਦੀ ਸਿਰਜਣਾ ਹੋਵੇਗੀ ।

ਸੱਚ ਨੂੰ ਯਾਦ ਰੱਖਣ ਦੀ ਲੋੜ ਨਹੀਂ, ਪਰ ਇਕ ਝੂਠ ਬੋਲਣ ਨਾਲ ਸਾਨੂੰ ਕਈ ਝੂਠ ਯਾਦ ਰੱਖਣੇ ਪੈਣੇ ਹਨ । ਹੁਣ ਬਹੁਤ ਜਲਦ ਸਮਾਂ ਆ ਰਿਹਾ ਹੈ, ਜਦੋਂ ਕੋਈ ਵੀ ਵਿਕਾਊ ਮੀਡੀਆ ਨੂੰ ਮੂੰਹ ਨਹੀਂ ਲਗਾਵੇਗਾ । ਆਓ, ਅਸੀਂ ਸਾਰੇ ਰਲ ਕੇ ਵਿਕਾਊ ਮੀਡੀਏ ਦਾ ਬਾਈਕਾਟ ਕਰੀਏ । ਇਸ ਨਾਲ ਹੀ ਅੱਜ ਤੋਂ ਬਾਅਦ ਕੱਲ੍ਹ ਵੀ ਸਾਡਾ ਹੀ ਹੋਵੇਗਾ।

-ਵਰਿੰਦਰ ਸ਼ਰਮਾ

ਇਜ਼ਰਾਈਲ ਪੱਛਮੀ ਏਸ਼ੀਆ ਨੂੰ ਜੰਗ ਦੀ ਭੱਠੀ 'ਚ ਝੋਕ ਰਿਹਾ

ਮੂਲ : ਪ੍ਰਕਾਸ਼ ਕਰਾਤ
ਅਨੁ. : ਹਰਭਜਨ ਸਿੰਘ

ਗਾਜ਼ਾ ਉਪਰ ਇਜ਼ਰਾਈਲੀ ਹਮਲੇ ਦਾ ਇੱਕ ਸਾਲ ਹੋ ਜਾਣਾ ਹੈ। ਇਜ਼ਰਾਈਲ ਨੇ ਹਮਾਸ ਦੇ ਹਮਲੇ ਨੂੰ ਗਾਜ਼ਾ ਅਤੇ ਫਲਸਤੀਨ ਉੱਪਰ ਆਪਣੀ ਨਸਲਕੁਸ਼ੀ ਜੰਗ ਨੂੰ ਜਾਰੀ ਰੱਖਣ ਲਈ ਬਹਾਨੇ ਵਜੋਂ ਵਰਤਿਆ ਹੈ। ਇਜ਼ਰਾਈਲ ਨੇ ਕਿਹਾ ਹੈ ਕਿ ਉਸ ਨੇ ਜੋ ਗਾਜ਼ਾ ਉੱਪਰ ਹਮਲੇ ਕੀਤੇ ਹਨ, ਉਨ੍ਹਾਂ ਦਾ ਉਦੇਸ਼ ਹਮਾਸ ਨੂੰ ਖਤਮ ਕਰਨਾ ਹੈ, ਪਰ ਇਸ ਟੀਚੇ ਨੂੰ ਹਾਸਲ ਕਰਨ ਦੀ ਸਥਿਤੀ ਸਪੱਸ਼ਟ ਨਹੀਂ ਹੈ। ਇਸ ਕਰਕੇ ਇਜ਼ਰਾਈਲ ਨੇ ਇਸ ਵੇਲੇ ਈਰਾਨ, ਸੀਰੀਆ, ਯਮਨ ਅਤੇ ਇਰਾਕ ਉਪਰ ਆਪਣੇ ਹਮਲਿਆਂ ਦੇ ਨਾਲ ਪੂਰੇ ਪੱਛਮੀ ਏਸ਼ੀਆ ਨੂੰ ਜੰਗ ਦੀ ਭੱਠੀ ਵਿੱਚ ਝੋਕ ਦਿੱਤਾ ਹੈ। ਅਮਰੀਕਾ ਨੇ ਇਜ਼ਰਾਈਲ ਦੇ ਹਰ ਹਮਲਾਵਰ ਰੁਖ ਦੀ ਹਮਾਇਤ ਕੀਤੀ ਹੈ ਅਤੇ ਉਹ ਉਸ ਦੇ ਨਾਲ ਦ੍ਰਿੜ੍ਹਤਾਪੂਰਵਕ ਸਹਿਯੋਗ ਦੇ ਰਿਹਾ ਹੈ।

ਪਿਛਲੇ ਪੰਦਰਵਾੜੇ ਤੋਂ ਲੇਬਨਾਨ ਉੱਪਰ ਇਜ਼ਰਾਈਲ ਦੇ ਫੌਜੀ ਹਮਲਿਆਂ ਨੇ ਯੁੱਧ ਦੀ ਸਥਿਤੀ ਨੂੰ ਪੂਰੀ ਤਰ੍ਹਾਂ ਬਦਲ ਦਿੱਤਾ ਹੈ। ਇੱਕ ਯੋਜਨਾਬੱਧ ਫੌਜੀ ਹਮਲੇ ਵਿੱਚ, ਇਜ਼ਰਾਈਲ ਨੇ ਪਹਿਲਾਂ ਲੇਬਨਾਨ ਉੱਪਰ ਬਹੁਤ ਹੀ ਭਿਆਨਕ ਹਵਾਈ ਹਮਲੇ ਕੀਤੇ, ਉਸ ਤੋਂ ਬਾਅਦ ਪੇਜਰਾਂ ਅਤੇ ਹੋਰ ਸੰਚਾਰ ਉਪਕਰਨਾਂ ਦੀ ਵਰਤੋਂ ਕਰਦੇ ਹੋਏ ਹਿਜ਼ਬੁੱਲ ਆਗੂਆਂ ਨੂੰ ਮਾਰਨ ਲਈ ਨਿਸ਼ਾਨਾ ਸੇਧਿਆ ਗਿਆ। ਉਪਰੰਤ ਦੱਖਣੀ ਬੇਰੂਤ ਵਿੱਚ ਇੱਕ ਰਿਹਾਇਸ਼ੀ ਇਮਾਰਤ ਦੇ ਹੇਠਾਂ ਹਿਜ਼ਬੁਲਾ ਦੇ ਬਣੇ ਭੂਮੀਗਤ ਹੈੱਡਕੁਆਰਟਰ ਵਿੱਚ ਜ਼ਮੀਨੀ ਘੁਸਪੈਠ ਦੇ ਹਥਿਆਰ ਵਜੋਂ ਜਾਣੇ ਜਾਂਦੇ 'ਬੰਕਰ ਬਸਟਰ ਬੰਬਾਂ' ਰਾਹੀਂ ਹਿਜ਼ਬੁੱਲਾ ਦੇ ਸਕੱਤਰ ਜਨਰਲ ਹਸਨ ਨਸਰੁੱਲਾ ਦੀ ਹੱਤਿਆ ਕਰ ਦਿੱਤੀ ਗਈ। ਇਸ ਘਟਨਾ ਦੇ ਨਾਲ ਯੁੱਧ ਨਵੀਆਂ ਉਚਾਈਆਂ ਤੱਕ ਪਹੁੰਚ ਗਿਆ ਹੈ। 1 ਅਕਤੂਬਰ ਨੂੰ ਇਜ਼ਰਾਈਲ ਨੇ ਐਲਾਨ ਕੀਤਾ ਕਿ ਉਹ ਦੱਖਣੀ ਲੇਬਨਾਨ ਵਿੱਚ 'ਸੀਮਤ, ਸਥਾਨਕ ਅਤੇ ਹਿਜ਼ਬੁੱਲਾ ਦਾ ਸਫਾਇਆ ਕਰਨ ਦੇ ਉਦੇਸ਼ ਨਾਲ ਜ਼ਮੀਨੀ ਕਾਰਵਾਈ' ਸ਼ੁਰੂ ਕਰ ਰਿਹਾ ਹੈ, ਪਰ ਅਸਲ ਵਿੱਚ ਇਜ਼ਰਾਈਲ ਨੇ ਲੇਬਨਾਨ ਉਪਰ ਜ਼ਮੀਨੀ ਹਮਲੇ ਲਈ ਬਹੁਤ ਵੱਡੀ ਗਿਣਤੀ ਵਿੱਚ ਫੌਜਾਂ ਨੂੰ ਲੇਬਨਾਨ ਦੀਆਂ ਸਰਹੱਦਾਂ ਉਪਰ ਤੈਨਾਤ ਕਰ ਦਿੱਤਾ ਹੈ।

ਇਜ਼ਰਾਈਲ ਪੱਛਮੀ ਏਸ਼ੀਆ ਵਿੱਚ ਦੂਜੇ ਦੇਸ਼ਾਂ ਲਈ ਇੱਕ ਖਤਰਨਾਕ ਦੇਸ਼ ਹੈ, ਜੋ ਅੰਤਰਰਾਸ਼ਟਰੀ ਕਾਨੂੰਨਾਂ ਦੀ ਕੋਈ ਪ੍ਰਵਾਹ ਨਹੀਂ ਕਰਦਾ । ਉਹ ਵੱਖ-ਵੱਖ ਦੇਸ਼ਾਂ 'ਚ ਨਿਸ਼ਾਨਾ ਸਾਧ ਕੇ ਕਤਲ ਕਰ ਰਿਹਾ ਹੈ, ਹਮਲੇ ਕਰ ਰਿਹਾ ਹੈ । ਪਿਛਲੇ ਇੱਕ ਸਾਲ ਵਿੱਚ ਇਜ਼ਰਾਈਲ ਨੇ ਈਰਾਨੀ ਖੇਤਰ ਵਿੱਚ ਹਮਲੇ ਕਰਕੇ ਚੋਟੀ ਦੇ ਈਰਾਨੀ ਕਮਾਂਡਰਾਂ ਨੂੰ ਨਿਸ਼ਾਨਾ ਬਣਾ ਕੇ ਉਨ੍ਹਾਂ ਦੀ ਹੱਤਿਆ ਕੀਤੀ ਹੈ। ਹਮਾਸ ਦੇ ਮੁੱਖ ਵਾਰਤਾਕਾਰ ਇਸਮਾਈਲ ਹਨੀਹ ਦੀ ਹੱਤਿਆ ਉਸ ਸਮੇਂ ਕਰ ਦਿੱਤੀ ਗਈ ਸੀ, ਜਦੋਂ ਉਹ ਨ

8-OCT-PAGE-5.qxd 10/7/2024 9:28 PM Page 1

ਕਤਲ ਕੇਸ ਦੇ 4 ਮੁਲਜ਼ਮ ਗ੍ਰਿਫ਼ਤਾਰ, ਕਰਦੇ ਸੀ ਫਿਰੌਤੀਆਂ ਵਸੂਲਣ ਦਾ ਕੰਮ

ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)

ਪਿੰਡ ਬਦੀਨਪੁਰ ਵਿਖੇ ਤਰਨਜੀਤ ਸਿੰਘ ਉਰਫ ਨੰਨੀ ਵਾਸੀ ਮੰਡੀ ਗੋਬਿੰਦਗੜ੍ਹ ਦੇ ਕਤਲ ਕੇਸ ਵਿੱਚ 4 ਮੁਲਜ਼ਮਾਂ ਨੂੰ ਜ਼ਿਲ੍ਹਾ ਪੁਲਸ ਵੱਲੋਂ ਗ੍ਰਿਫ਼ਤਾਰ ਕਰ ਲਿਆ ਗਿਆ ਹੈ।ਜ਼ਿਲ੍ਹਾ ਪੁਲਿਸ ਮੁਖੀ ਡਾ. ਰਵਜੋਤ ਗਰੇਵਾਲ ਨੇ ਦੱਸਿਆ ਕਿ ਕਾਬੂ ਕੀਤੇ ਗਏ ਕਥਿਤ ਦੋਸ਼ੀਆਂ ਪਾਸੋਂ ਇੱਕ ਦੇਸੀ ਪਿਸਟਲ, ਲੋਹੇ ਦੇ 02 ਦਾਹ ਤੇ ਇੱਕ ਸਕਾਰਪੀਓ ਗੱਡੀ ਨੰਬਰ ਬਰਾਮਦ ਕੀਤੀ ਗਈ ਹੈ।

ਪੁਲਿਸ ਮੁਖੀ ਨੇ ਦੱਸਿਆ ਕਿ ਤਰਨਜੀਤ ਸਿੰਘ ਦੇ ਪਿਤਾ ਦੇ ਬਿਆਨਾਂ 'ਤੇ ਮੰਡੀ ਗੋਬਿੰਦਗੜ੍ਹ ਪੁਲਸ ਥਾਣੇ ਵਿੱਚ ਕਥਿਤ ਦੋਸ਼ੀ ਧੀਰਜ ਬੱਤਾ ਉਰਫ ਧੀਰੂ, ਅਮਨਿੰਦਰ ਸਿੰਘ ਉਰਫ ਪ੍ਰਿੰਸ ਬੁੱਲੜ, ਤਰਨਪ੍ਰੀਤ ਸਿੰਘ ਉਰਫ ਤਰਨ, ਗੌਰਵ ਕੁਮਾਰ ਉਰਫ ਗੱਗੀ ਤੇ ਸੰਦੀਪ ਸਿੰਘ ਉਰਫ ਬਾਕਸਰ 'ਤੇ 02-10-2024 ਨੂੰ ਧਾਰਾ 103 (1), 190 (3) ਤੇ ਧਾਰਾ 190 ਬੀ.ਐਨ.ਐਸ. ਹੇਠ ਮੁਕੱਦਮਾ ਨੰਬਰ 189 ਦਰਜ ਕੀਤਾ ਗਿਆ ਸੀ।ਉਨ੍ਹਾਂ ਦੱਸਿਆ ਕਿ ਕਾਬੂ ਕੀਤੇ ਗਏ ਕਥਿਤ ਦੋਸ਼ੀਆਂ ਵਿਰੁੱਧ ਪਹਿਲਾਂ ਵੀ ਕਈ ਮੁਕੱਦਮੇ ਦਰਜ ਹਨ।ਡਾ. ਰਵਜੋਤ ਗਰੇਵਾਲ ਨੇ ਦੱਸਿਆ ਕਿ ਪੁਲਸ ਤਫ਼ਤੀਸ਼ ਵਿੱਚ ਇਹ ਪਤਾ ਚੱਲਿਆ ਹੈ ਕਿ ਕਤਲ ਕਰਨ ਵਾਲੇ ਵਿਅਕਤੀਆਂ ਨੇ ਇੱਕ ਗੈਂਗ ਬਣਾਇਆ ਹੋਇਆ ਸੀ ਤੇ ਇਹ ਵਿਅਕਤੀ ਸ਼ਹਿਰ ਮੰਡੀ ਗੋਬਿੰਦਗੜ੍ਹ, ਖੰਨਾ, ਖਰੜ, ਚੰਡੀਗੜ੍ਹ, ਦੋਰਾਹਾ, ਸਮਰਾਲਾ ਤੇ ਹੋਰਨਾ ਇਲਾਕਿਆਂ ਵਿੱਚੋਂ ਫਿਰੌਤੀਆਂ ਵਸੂਲਦੇ ਸਨ ਤੇ ਨਸ਼ਾ ਵੇਚਣ ਦਾ ਕੰਮ ਕਰਦੇ ਸਨ। ਉਨ੍ਹਾਂ ਕਿਹਾ ਕਿ ਇਹ ਪਹਿਲਾਂ ਵੀ ਕਈ ਵਾਰ ਜੇਲ੍ਹ ਜਾ ਚੁੱਕੇ ਹਨ।

ਉਨ੍ਹਾਂ ਦੱਸਿਆ ਕਿ ਮ੍ਰਿਤਕ ਤਰਨਜੀਤ ਸਿੰਘ ਉਰਫ਼ ਨੰਨੀ ਦੀ ਧੀਰਜ ਬੱਤਾ ਨਾਲ ਕਰੀਬ 05 ਸਾਲ ਪਹਿਲਾਂ ਦੋਸਤੀ ਹੋ ਗਈ ਸੀ।ਮ੍ਰਿਤਕ ਤਰਨਜੀਤ ਸਿੰਘ ਸ਼ਹਿਰ ਮੰਡੀ ਗੋਬਿੰਦਗੜ੍ਹ ਵਿਖੇ ਮੋਤੀਆ ਖਾਨ ਵਿੱਚ ਲੋਹੇ ਦੀ ਟ੍ਰੇਡਿੰਗ ਦਾ ਕੰਮ ਕਰਦਾ ਸੀ।ਮੁਲਜ਼ਮਾਂ ਨਾਲ ਇਸ ਦੀ ਦੋਸਤੀ ਹੋ ਗਈ ਸੀ ਤੇ ਇਹ ਅਕਸਰ ਉਸ ਦੇ ਦਫ਼ਤਰ ਵਿੱਚ ਆ ਕੇ ਬੈਠਦੇ ਸਨ।ਉਨ੍ਹਾਂ ਦੱਸਿਆ ਕਿ ਕਿਸੇ ਕਾਰਨ ਇਨ੍ਹਾਂ ਦੀ ਅਣਬਣ ਹੋ ਗਈ ਤੇ ਮ੍ਰਿਤਕ ਤਰਨਜੀਤ ਸਿੰਘ ਉਰਫ ਨੰਨੀ ਆਪਣਾ ਵੱਖਰਾ ਕੰਮ ਕਰਨ ਲੱਗ ਪਿਆ ਤੇ ਉਸ ਨੇ ਇਨ੍ਹਾਂ ਨਾਲੋਂ ਆਪਣਾ ਨਾਤਾ ਤੋੜ ਲਿਆ ਸੀ।ਉਨ੍ਹਾਂ ਦੱਸਿਆ ਕਿ ਕਥਿਤ ਦੋਸ਼ੀ ਧੀਰਜ ਬੱਤਾ ਗੈਂਗ ਨੂੰ ਇਹ ਗੱਲ ਬਰਦਾਸ਼ਤ ਨਹੀਂ ਸੀ ਤੇ ਉਹ ਇਸ ਗੱਲ ਨੂੰ ਲੈ ਕੇ ਤਰਨਜੀਤ ਸਿੰਘ ਨਾਲ ਖਾਰ ਖਾਂਦੇ ਸਨ।ਉਨ੍ਹਾਂ ਦੱਸਿਆ ਕਿ ਦੋਹਾਂ ਧਿਰਾਂ ਵਿੱਚ ਹਾਲਾਤ ਤਣਾਅ ਪੂਰਨ ਰਹਿਣ ਲੱਗ ਪਏ, ਕਿਉਂਕਿ ਧੀਰਜ ਬੱਤਾ ਨੂੰ ਇਹ ਖਦਸ਼ਾ ਸੀ ਕਿ ਤਰਨਜੀਤ ਸਿੰਘ ਨੰਨੀ ਕੋਈ ਹੋਰ ਵੱਡਾ ਗੈਂਗ ਨਾ ਬਣਾ ਲਵੇ।ਇਸ ਕਰਕੇ ਧੀਰਜ ਬੱਤਾ ਨੇ ਆਪਣੇ ਗੈਂਗ ਨਾਲ ਰਲ ਕੇ ਤਰਨਜੀਤ ਸਿੰਘ ਉਰਫ਼ ਨੰਨੀ ਨੂੰ ਕਤਲ ਕਰਨ ਦੀ ਸਾਜ਼ਿਸ਼ ਬਣਾਈ ਸੀ।ਉਨ੍ਹਾਂ ਦੱਸਿਆ ਕਿ ਕਥਿਤ ਦੋਸ਼ੀਆਂ ਦੇ ਗੈਂਗ ਵੱਲੋਂ ਤਰਨਜੀਤ ਸਿੰਘ ਉਰਫ ਨੰਨੀ ਦੀ ਕਾਫੀ ਸਮੇਂ ਤੋਂ ਰੇਕੀ ਕੀਤੀ ਜਾ ਰਹੀ ਸੀ ਤੇ 2 ਅਕਤੂਬਰ ਨੂੰ ਪਿੰਡ ਬਦੀਨਪੁਰ ਵਿਖੇ ਉਸ ਦਾ ਤੇਜ਼ ਹਥਿਆਰਾਂ ਨਾਲ ਕਤਲ ਕਰ ਦਿੱਤਾ ਗਿਆ।

ਫਿਰੌਤੀਆਂ ਤੇ ਲੁੱਟਾਂ ਖੋਹਾਂ ਕਰਨ ਵਾਲੇ ਗੈਂਗ ਦੇ 5 ਮੈਂਬਰ ਗ੍ਰਿਫ਼ਤਾਰ

ਪਟਿਆਲਾ (ਰਾਜਿੰਦਰ ਸਿੰਘ ਬਿੰਦ)-ਡਾ. ਨਾਨਕ ਸਿੰਘ, ਆਈ.ਪੀ.ਐਸ, ਸੀਨੀਅਰ ਕਪਤਾਨ ਪੁਲਿਸ ਨੇ ਦੱਸਿਆ ਕਿ ਪਟਿਆਲਾ ਪੁਲਿਸ ਵੱਲੋਂ ਅਪਰਾਧਕ ਅਨਸਰਾਂ ਖਿਲਾਫ ਅਤੇ ਅਣਸੁਲਝੇ ਸੰਗੀਨ ਜੁਰਮਾਂ ਵਿੱਚ ਲੋੜੀਦੇ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਨ ਲਈ ਚਲਾਈ ਗਈ ਸਪੈਸ਼ਲ ਮੁਹਿੰਮ ਤਹਿਤ ਕਾਮਯਾਬੀ ਮਿਲੀ ਹੈ, ਜਿਸ ਵਿੱਚ ਸ੍ਰੀ ਯੁਗੇਸ਼ ਸ਼ਰਮਾ, ਸ੍ਰੀ ਵੈਭਵ ਚੌਧਰੀ ਏ ਐਸ ਪੀ ਡਿਟੈਕਟਿਵ ਪਟਿਆਲਾ ਦੀ ਅਗਵਾਈ ਵਿੱਚ ਇੰਸਪੈਕਟਰ ਸ਼ਮਿੰਦਰ ਸਿੰਘ ਇੰਚਾਰਜ ਸੀ.ਆਈ.ਏ ਪਟਿਆਲਾ ਦੀ ਟੀਮ ਵੱਲੋਂ ਅਪਰਾਧਕ ਗੈਂਗ ਦੇ 5 ਦੋਸ਼ੀਆਨ ਖਿਲਾਫ਼ ਕਾਰਵਾਈ ਕਰਦੇ ਹੋਏ ਕਾਬੂ ਕੀਤਾ ਗਿਆ। ਕਾਬੂ ਆਏ ਦੋਸ਼ੀ ਗੁਰਸੇਵਕ ਸਿੰਘ ਉਰਫ਼ ਸੇਵਕ ਸਿੰਘ ਉਰਫ਼ ਬਿੱਜੂ ਪੁੱਤਰ ਮੱਖਣ ਸਿੰਘ ਵਾਸੀ ਪਿੰਡ ਖਿੱਲਣ ਜ਼ਿਲ੍ਹਾ ਮਾਨਸਾ, ਸੰਦੀਪ ਸਿੰਘ ਉਰਫ਼ ਸੁੱਖਾ ਪੁੱਤਰ ਸ਼ੰਭੂ ਸਿੰਘ ਵਾਸੀ ਗਲੀ ਨੰਬਰ 01 ਵਾਰਡ ਨੰਬਰ 13 ਗਗੀਨ ਪਾਰਕ ਕਲੋਨੀ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ, ਸੁਖਵੀਰ ਸਿੰਘ ਉਰਫ ਵਿਸ਼ਾਲ ਸਿੰਘ ਪੁੱਤਰ ਗੁਰਜੰਟ ਸਿੰਘ ਵਾਸੀ ਵਾਰਡ ਨੰਬਰ 17 ਮੁਹੱਲਾ ਬਾਬਾ ਜੀਵਨ ਸਿੰਘ ਧਰਮਸ਼ਾਲਾ ਮਾਨਸਾ, ਹਰਬੰਸ ਸਿੰਘ ਉਰਫ ਨਿਕੜੀ ਪੁੱਤਰ ਬੀਰਾ ਸਿੰਘ ਵਾਸੀ ਵਾਰਡ ਨੰਬਰ 17 ਨੇੜੇ ਡੂੰਮਾ ਵਾਲਾ ਗੁਰੂਦੁਆਰਾ ਸਾਹਿਬ ਮਾਨਸਾ ਸੁਖਵਿੰਦਰ ਸਿੰਘ ਉਰਫ ਬੌਬੀ ਪੁੱਤਰ ਲੇਟ ਭੋਲਾ ਸਿੰਘ ਵਾਸੀ ਮੋੜ ਜਿਲ੍ਹਾ ਬਠਿੰਡਾ ਹਾਲ ਵਾਸੀ ਜਵਾਹਰਕੇ ਜਿਲ੍ਹਾ ਮਾਨਸਾਦੇ ਨਾਂਅ ਸ਼ਾਮਲ ਹਨ। ਗ੍ਰਿਫ਼ਤਾਰੀ ਦੌਰਾਨ ਇਨ੍ਹਾਂ ਪਾਸੋਂ 3 ਪਿਸਟਲ ਸਮੇਤ 18 ਰੌਂਦ ਬਰਾਮਦ ਕੀਤੇ ਗਏ, ਜਿਨ੍ਹਾਂ ਵਿੱਚ ਦੋਸ਼ੀਆਨ ਗੁਰਸੇਵਕ ਸਿੰਘ ਉਰਫ ਸੇਵਕ ਸਿੰਘ ਉਰਫ ਬਿੱਜੂ ਤੇ ਸੰਦੀਪ ਸਿੰਘ ਉਰਫ ਸੁੱਖਾ ਜੋ ਪਾਤੜਾਂ ਫਾਇਰਿੰਗ ਕੇਸ (ਮ:ਨੰ: 180/2024 ਥਾਣਾ ਪਾਤੜਾਂ) ਵਿੱਚ ਵਾਂਟਿਡ ਸਨ ਤੇ ਗੁਰਸੇਵਕ ਸਿੰਘ ਉਰਫ ਸੇਵਕ ਸਿੰਘ ਉਰਫ ਬਿੱਜੂ ਪਾਸੋਂ ਬਰਾਮਦ ਹੋਇਆ 32 ਬੋਰ ਪਿਸਟਲ, ਜੋ ਪਾਤੜਾਂ ਫਾਇਰਿੰਗ ਵਿੱਚ ਵਰਤਿਆਂ ਸੀ, ਵੀ ਬਰਾਮਦ ਹੋਇਆ ਹੈ।ਗ੍ਰਿਫ਼ਤਾਰ ਕੀਤੇ ਦੋਸ਼ੀ ਫਿਰੌਤੀ ਤੇ ਲੁੱਟਖੋਹ ਦੀਆਂ ਵਾਰਦਾਤਾਂ ਵਿੱਚ ਸ਼ਾਮਲ ਰਹੇ ਹਨ।

ਮੋਦੀ ਸਰਕਾਰ ਦੋਗਲੀ ਵਿਦੇਸ਼ ਨੀਤੀ ਛੱਡ ਕੇ ਫ਼ਲਸਤੀਨ ਦੇ ਲੋਕਾਂ ਦਾ ਡਟ ਕੇ ਸਾਥ ਦੇਵੇ : ਅਸ਼ੋਕ ਕੌਸ਼ਲ

ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ, ਗੁਰਪ੍ਰੀਤ ਸਿੰਘ ਬੇਦੀ)

ਸਾਮਰਾਜ ਦਾ ਵਿਰੋਧ ਤੇ ਫ਼ਲਸਤੀਨ ਨੂੰ ਇਕ ਸੁਤੰਤਰ ਰਾਜ ਦਾ ਦਰਜਾ ਦੇਣਾ ਭਾਰਤ ਦੀ ਵਿਦੇਸ਼ ਨੀਤੀ ਦਾ ਅਧਾਰ ਰਿਹਾ ਹੈ, ਜਿਸ ਨੂੰ ਮੋਦੀ ਸਰਕਾਰ ਪਰਦੇ ਹੇਠ ਹੌਲੀ-ਹੌਲੀ ਇਜ਼ਰਾਈਲ ਦੀ ਜੰਗਬਾਜ਼ ਸਰਕਾਰ ਦੇ ਪੱਖ ਵਿੱਚ ਕਰਦੀ ਜਾ ਰਹੀ ਹੈ।ਇਹ ਬਿਆਨ ਸ਼ਹੀਦ ਕਾਮਰੇਡ ਅਮੋਲਕ ਭਵਨ ਵਿੱਚ ਸੀਪੀਆਈ ਤੇ ਸੀਪੀਆਈ (ਐਮ) ਦੇ ਸਾਂਝੇ ਸੱਦੇ ਤੇ ਫ਼ਲਸਤੀਨੀ ਲੋਕਾਂ ਦੇ ਹੱਕ ਵਿੱਚ ਇਕਮੁੱਠਤਾ ਦਿਵਸ ਮਨਾਉਣ ਲਈ ਦੇਸ਼ ਵਿਆਪੀ ਸੱਦੇ ਤਹਿਤ ਕੀਤੇ ਸਮਾਗਮ ਨੂੰ ਸੰਬੋਧਨ ਕਰਦੇ ਹੋਏ ਕਾਮਰੇਡ ਅਸ਼ੋਕ ਕੌਸ਼ਲ ਤੇ ਕਾਮਰੇਡ ਅਸ਼ਵਨੀ ਕੁਮਾਰ ਨੇ ਜਾਰੀ ਕੀਤਾ।

ਕਾਮਰੇਡ ਬਲਵਿੰਦਰ ਕੁਮਾਰ ਦੀ ਪ੍ਰਧਾਨਗੀ ਹੇਠ ਹੋਏ ਸਮਾਗਮ ਨੂੰ ਨਰੇਗਾ ਮਜ਼ਦੂਰ ਯੂਨੀਅਨ ਦੇ ਆਗੂ ਗੋਰਾ ਪਿਪਲੀ, ਕਿਸਾਨ ਆਗੂ ਸੁਖਜਿੰਦਰ ਸਿੰਘ ਤੂੰਬੜਭੰਨ, ਪੈਨਸ਼ਨਰ ਆਗੂਆਂ ਹਰਪਾਲ ਸਿੰਘ ਮਚਾਕੀ ਤੇ ਰਮੇਸ਼ ਕੌਸ਼ਲ ਅਤੇ ਤਰਕਸ਼ੀਲ ਆਗੂ ਸੁਖਚੈਨ ਸਿੰਘ ਥਾਂਦੇਵਾਲਾ ਨੇ ਵੀ ਸੰਬੋਧਨ ਕੀਤਾ।ਬੁਲਾਰਿਆਂ ਨੇ ਕਿਹਾ ਕਿ ਪਿਛਲੇ ਸਾਲ ਅੱਜ ਦੇ ਦਿਨ ਹਮਾਸ ਜਥੇਬੰਦੀ ਨੇ ਇਜਰਾਇਲ 'ਤੇ ਹਮਲਾ ਕਰਕੇ ਇੱਕ ਹਜ਼ਾਰ ਬੇਗੁਨਾਹ ਨਾਗਰਿਕਾਂ ਦਾ ਜੋ ਖੂਨ ਬਹਾਇਆ ਸੀ, ਉਸਦਾ ਕੋਈ ਵੀ ਨਿਰਪੱਖ ਮਨੁੱਖ ਸਮਰਥਨ ਨਹੀਂ ਕਰਦਾ, ਪਰ ਹਮਾਸ ਨੂੰ ਖ਼ਤਮ ਕਰਨ ਦੇ ਨਾਂਅ 'ਤੇ ਪੂਰਾ ਸਾਲ ਇਜ਼ਰਾਈਲੀ ਫੌਜਾਂ ਵੱਲੋਂ 18,000 ਔਰਤਾਂ ਅਤੇ ਬੱਚਿਆਂ ਸਮੇਤ 50,000 ਬੇਗੁਨਾਹ ਲੋਕਾਂ ਨੂੰ ਮਾਰ ਦੇਣ, ਗਾਜਾ ਪੱਟੀ ਦੇ ਘੁੱਗ ਵਸਦੇ ਸ਼ਹਿਰਾਂ ਨੂੰ ਮਲਬੇ ਦੇ ਢੇਰ ਵਿਚ ਤਬਦੀਲ ਕਰ ਦੇਣ ਤੇ ਯੂਐਨਓ ਵੱਲੋਂ ਦਵਾਈਆਂ ਅਤੇ ਖੁਰਾਕ ਲੈ ਕੇ ਜਾ ਰਹੇ ਰਲੀਫ ਵਰਕਰਾਂ ਅਤੇ ਪੱਤਰਕਾਰਾਂ ਨੂੰ ਵੀ ਮਾਰ ਮੁਕਾਉਣ ਦੀਆਂ ਜ਼ਾਲਿਮਾਨਾ ਕਾਰਵਾਈਆਂ ਨੂੰ ਇੱਕੀਵੀਂ ਸਦੀ ਦੇ ਸੱਭਿਅਕ ਸਮਾਜ ਵਿੱਚ ਹਰਗਿਜ਼ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।

ਬੁਲਾਰਿਆਂ ਨੇ ਨੋਟ ਕੀਤਾ ਕਿ ਮੋਦੀ ਸਰਕਾਰ ਦੀ ਘਰੇਲੂ ਨੀਤੀ ਵਿਚਲਾ ਮੁਸਲਿਮ ਵਿਰੋਧ ਦਾ ਤੱਤ ਇਸ ਨੂੰ ਇਜ਼ਰਾਈਲੀ ਜੰਗਬਾਜ਼ਾਂ ਦੇ ਮੁਸਲਿਮ ਵਿਰੋਧ ਨਾਲ ਜੋੜ ਰਿਹਾ ਹੈ, ਜਿਸ ਕਾਰਨ ਭਾਰਤ ਯੂਐਨ ਵਿੱਚ ਤੁਰੰਤ ਜੰਗਬੰਦੀ ਦੇ ਮਤੇ 'ਤੇ ਡਟਵਾਂ ਸਟੈਂਡ ਨਹੀਂ ਲੈ ਸਕਿਆ ਤੇ ਹੁਣ ਇਹ ਵੀ ਰਿਪੋਰਟ ਹੈ ਕਿ ਮੋਦੀ ਸਰਕਾਰ ਅੰਦਰੋਂ ਅੰਦਰੀ ਪ੍ਰਾਈਵੇਟ ਕੰਪਨੀਆਂ ਨਾਲ ਮਿਲੀਭੁਗਤ ਕਰਕੇ ਇਜ਼ਰਾਈਲ ਨੂੰ ਡ੍ਰੋਨ ਤੇ ਹਥਿਆਰਾਂ ਦੇ ਹਿੱਸੇ ਪੁਰਜੇ ਭੇਜ ਰਹੀ ਹੈ, ਜੋ ਬੇਹੱਦ ਨਿੰਦਾਯੋਗ ਕਾਰਵਾਈ ਹੈ।ਇੱਕ ਮਤੇ ਰਾਹੀਂ ਭਾਰਤ ਸਰਕਾਰ ਤੋਂ ਮੰਗ ਕੀਤੀ ਗਈ ਕਿ ਉਹ ਦੇਸ਼ ਦੀ ਪ੍ਰਵਾਨਿਤ ਵਿਦੇਸ਼ ਨੀਤੀ ਅਤੇ ਦੋ ਕੌਮਾਂ ਦੇ ਸਿਧਾਂਤ ਮੁਤਾਬਕ ਇਕ ਸੁਤੰਤਰ ਫਲਸਤੀਨ ਦੀ ਸਥਾਪਨਾ ਦੇ ਹੱਕ ਵਿੱਚ ਖੜੇ ਤੇ ਇਜ਼ਰਾਈਲ ਦੀ ਜੰਗਬਾਜ਼ ਸਰਕਾਰ ਨੂੰ ਹਥਿਆਰ ਅਤੇ ਮਨੁੱਖੀ ਸ਼ਕਤੀ ਭੇਜਣਾ ਬੰਦ ਕਰੇ।ਦੂਜੇ ਮਤੇ ਵਿੱਚ ਮੌਜੂਦਾ ਪੰਚਾਇਤ ਚੋਣਾਂ ਵਿੱਚ ਹਾਕਮ ਧਿਰ ਵੱਲੋਂ ਧਾਂਦਲੀ ਕਰਨ ਅਤੇ ਸਿਆਸੀ ਦਬਾਅ ਹੇਠ ਵਿਰੋਧੀ ਉਮੀਦਵਾਰਾਂ ਦੇ ਨਾਮਜ਼ਦਗੀ ਪੱਤਰ ਰੱਦ ਕਰਾਉਣ ਦੀ ਨਿੰਦਾ ਕਰਦੇ ਹੋਏ ਪੰਜਾਬ ਦੇ ਚੋਣ ਕਮਿਸ਼ਨ ਤੋਂ ਨਿਰਪੱਖ ਚੋਣਾਂ ਕਰਾਉਣ ਦੀ ਮੰਗ ਕੀਤੀ।

ਕਾਤਰਾਂ

ਸੀ ਪੀ ਆਈ (ਐੱਮ) ਦੀ ਜਥੇਬੰਦਕ ਕਾਨਫਰੰਸ 13 ਨੂੰ

ਬੁਢਲਾਡਾ (ਅਸ਼ੋਕ ਲਾਕੜਾ)-ਸੀ.ਪੀ.ਆਈ. (ਐਮ) ਦੀ ਇਕਰੋਜ਼ਾ ਜਥੇਬੰਦਕ ਕਾਨਫਰੰਸ 13 ਅਕਤੂਬਰ ਨੂੰ ਸਵੇਰੇ 11 ਵਜੇ ਪੰਚਾਇਤੀ ਮਾਰਕੀਟ ਵਿਖੇ ਸ਼ੁਰੂ ਹੋਵੇਗੀ, ਜਿਸ ਵਿੱਚ ਤਹਿਸੀਲ ਦੀਆਂ ਬ੍ਰਾਂਚਾਂ ਵਿੱਚੋਂ ਚੁਣੇ ਹੋਏ ਡੈਲੀਗੇਟ ਸ਼ਾਮਲ ਹੋਣਗੇ।ਪਾਰਟੀ ਦੇ ਤਹਿਸੀਲ ਸਕੱਤਰ ਕਾਮਰੇਡ ਜਸਵੰਤ ਸਿੰਘ ਬੀਰੋਕੇ ਨੇ ਦੱਸਿਆ ਕਿ ਇਸ ਕਾਨਫਰੰਸ ਵਿੱਚ ਕੌਮਾਂਤਰੀ, ਦੇਸ਼ ਤੇ ਪੰਜਾਬ ਦੀ ਸਿਆਸੀ ਸਥਿਤੀ ਸਮੇਤ ਵੱਖ-ਵੱਖ ਜਨਤਕ ਮੰਗਾਂ ਮਸਲਿਆਂ 'ਤੇ ਚਰਚਾ ਕੀਤੀ ਜਾਵੇਗੀ ਅਤੇ ਨਵੀਂ ਤਹਿਸੀਲ ਕਮੇਟੀ ਦੀ ਚੋਣ ਕੀਤੀ ਜਾਵੇਗੀ।ਕਾਨਫਰੰਸ ਨੂੰ ਸੀ.ਪੀ.ਐਮ. ਦੇ ਜ਼ਿਲ੍ਹਾ ਸਕੱਤਰ ਕਾਮਰੇਡ ਸਵਰਨਜੀਤ ਸਿੰਘ ਦਲਿਓ ਤੋਂ ਇਲਾਵਾ ਪਾਰਟੀ ਦੇ ਜ਼ਿਲ੍ਹਾ ਪੱਧਰ ਦੇ ਸੀਨੀਅਰ ਆਗੂ ਸੰਬੋਧਨ ਕਰਨ ਲਈ ਵਿਸ਼ੇਸ਼ ਤੌਰ 'ਤੇ ਪਹੁੰਚਣਗੇ।

ਹਰਪ੍ਰੀਤ ਹੈਪੀ ਨੇ ਚੋਣ ਸਰਗਰਮੀਆਂ ਕੀਤੀਆਂ ਤੇਜ਼

ਹਨੂਰ (ਨਛੱਤਰ ਸੰਧੂ)-15 ਅਕਤੂਬਰ ਨੂੰ ਹੋਣ ਜਾ ਰਹੀਆਂ ਪੰਚਾਇਤੀ ਚੋਣਾਂ ਨੂੰ ਲੈ ਕੇ ਜਿੱਥੇ ਪਿੰਡਾਂ ਵਿੱਚ ਸਰਪੰਚ-ਪੰਚੀ ਨੂੰ ਲੈ ਕੇ ਮਾਹੌਲ ਪੂਰੀ ਤਰਾਂ ਭਖਿਆ ਹੋਇਆ ਹੈ ਅਤੇ ਸਰਗਰਮੀਆਂ ਤੇਜ਼ ਹੋ ਗਈਆਂ ਹਨ।ਹਰ ਪਿੰਡ ਵਿੱਚ ਸਰਪੰਚੀ-ਪੰਚੀ ਲਈ ਉਮੀਦਵਾਰ ਅੱਗੇ ਆਉਣੇ ਸ਼ੁਰੂ ਹੋ ਗਏ ਹਨ।ਵਿਧਾਨ ਸਭਾ ਹਲਕਾ ਜਗਰਾਉਂ ਦੇ ਪਿੰਡ ਮਾਣੂੰਕੇ ਤੋਂ ਸਮਾਜ ਸੇਵੀ ਹਰਪ੍ਰੀਤ ਹੈਪੀ ਸਰਪੰਚੀ ਦੀ ਚੋਣ ਲਈ ਮੈਦਾਨ ਵਿੱਚ ਡਟ ਗਏ ਹਨ। ਉਨ੍ਹਾਂ ਦੇ ਸਪੋਰਟਰਾਂ ਨੇ ਕਿਹਾ ਕਿ ਹਰਪ੍ਰੀਤ ਸਿੰਘ ਹੈਪੀ ਦੀ ਇਲਾਕੇ ਵਿੱਚ ਚੰਗੀ ਪਛਾਣ ਹੋਣ ਕਰਕੇ ਸਰਪੰਚੀ ਦੇ ਯੋਗ ਉਮੀਦਵਾਰ ਹਨ ਤੇ ਹਰ ਪਿੰਡ ਵਾਸੀ ਦੇ ਦੁੱਖ-ਸੁੱਖ ਵਿੱਚ ਹਾਜ਼ਰੀ ਭਰਦੇ ਹਨ।ਅਸੀਂ ਸਮਾਜ ਸੇਵੀ ਗਤੀਵਿਧੀਆਂ ਨੂੰ ਧਿਆਨ ਵਿੱਚ ਰੱਖਦਿਆਂ ਹਰਪ੍ਰੀਤ ਹੈਪੀ ਨੂੰ ਸਰਪੰਚੀ ਲਈ ਉਮੀਦਵਾਰ ਐਲਾਨਿਆ ਹੈ।

ਪੋਲਿੰਗ ਸਟੇਸ਼ਨਾਂ 'ਤੇ ਤਾਇਨਾਤ ਹੋਣ ਵਾਲੇ ਅਮਲੇ ਦੀ ਰੀਹਰਸਲ ਹੋਈ

ਮਾਨਸਾ (ਆਤਮਾ ਸਿੰਘ ਪਮਾਰ)-ਪੰਚਾਇਤੀ ਚੋਣਾਂ ਦੇ ਮੱਦੇਨਜ਼ਰ ਜ਼ਿਲ੍ਹਾ ਮਾਨਸਾ ਦੇ ਪੰਜ ਬਲਾਕਾਂ ਦੇ 547 ਪੋਲਿੰਗ ਸਟੇਸ਼ਨਾਂ ਵਿਖੇ ਤਾਇਨਾਤ ਹੋਣ ਵਾਲੇ ਚੋਣ ਅਮਲੇ ਦੀ ਪਹਿਲੀ ਰੀਹਰਸਲ ਹੋਈ।ਜ਼ਿਲ੍ਹਾ ਚੋਣ ਅਫ਼ਸਰ ਮਾਨਸਾ ਕੁਲਵੰਤ ਸਿੰਘ ਆਈ ਏ ਐਸ ਨੇ ਦੱਸਿਆ ਕਿ 15 ਅਕਤੂਬਰ ਨੂੰ ਪੈਣ ਵਾਲੀਆਂ ਵੋਟਾਂ ਦੀ ਸਮੁੱਚੀ ਪ੍ਰਕਿਰਿਆ ਨੂੰ ਪਾਰਦਰਸ਼ੀ, ਨਿਰਵਿਘਨ ਅਤੇ ਸੁਰੱਖਿਅਤ ਢੰਗ ਨਾਲ ਨੇਪਰੇ ਚੜ੍ਹਾਉਣ ਲਈ ਜ਼ਿਲ੍ਹਾ ਮਾਨਸਾ ਵਿੱਚ ਚੋਣ ਸਟਾਫ਼ ਦੀ ਤਾਇਨਾਤੀ ਕੀਤੀ ਗਈ ਹੈ।ਉਨ੍ਹਾਂ ਦੱਸਿਆ ਕਿ ਮਾਨਸਾ, ਸਰਦੂਲਗੜ੍ਹ, ਝੁਨੀਰ, ਭੀਖੀ ਤੇ ਬੁਢਲਾਡਾ ਵਿਖੇ ਚੋਣ ਅਮਲੇ ਦੀ ਪਹਿਲੀ ਰਿਹਰਸਲ ਕਰਾਈ ਗਈ ਹੈ।ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਸਿਖਲਾਈ ਅਧਿਕਾਰੀਆਂ ਵੱਲੋਂ ਚੋਣ ਅਮਲੇ ਦੀ ਹੌਸਲਾ ਅਫ਼ਜ਼ਾਈ ਕਰਦਿਆਂ ਉਨ੍ਹਾਂ ਨੂੰ ਲੋਕ ਸਭਾ ਚੋਣਾਂ ਨੂੰ ਪੂਰੀ ਤਰ੍ਹਾਂ ਨਿਰਪੱਖ ਅਤੇ ਸ਼ਾਂਤਮਈ ਤਰੀਕੇ ਨਾਲ ਕਰਾਉਣ ਲਈ ਤਿਆਰ ਰਹਿਣ ਲਈ ਪ੍ਰੇਰਿਤ ਵੀ ਕੀਤਾ।

ਬਿਸ਼ਨੋਈ ਗੈਂਗ ਨਾਲ ਸੰਬੰਧਤ 7 ਵਿਅਕਤੀ ਕਾਬੂ, 5 ਪਿਸਟਲ,

8- October - Page - 6.qxd 10/7/2024 10:17 PM Page 1

ਕੇਂਦਰੀ ਪੰਜਾਬੀ ਲੇਖਕ ਸਭਾ ਨੇ ਕਰਵਾਇਆ ਭਾਸ਼ਾ ਸੈਮੀਨਾਰ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)- ਪੰਜਾਬੀ ਲੇਖਕਾਂ ਦੀ ਸਿਰਮੌਰ ਜਥੇਬੰਦੀ ਕੇਂਦਰੀ ਪੰਜਾਬੀ ਲੇਖਕ ਸਭਾ ਵਲੋਂ ਖਾਲਸਾ ਕਾਲਜ ਅੰਮ੍ਰਿਤਸਰ ਦੇ ਸਹਿਯੋਗ ਨਾਲ 'ਅਜੋਕੀ ਸਿੱਖਿਆ ਨੀਤੀ ਅਤੇ ਮਾਤ ਭਾਸ਼ਾ' ਵਿਸ਼ੇ 'ਤੇ ਸੈਮੀਨਾਰ ਕਰਵਾਇਆ ਗਿਆ। ਇਹ ਸਮਾਗਮ ਸ਼ਾਇਰ ਦੇਵ ਦਰਦ ਅਤੇ ਕਹਾਣੀਕਾਰ ਤਲਵਿੰਦਰ ਸਿੰਘ ਦੀ ਯਾਦ ਨੂੰ ਸਮਰਪਤ ਸੀ, ਜਿਸ ਵਿੱਚ ਵਿਦਵਾਨਾਂ ਦੀ ਸਾਂਝੀ ਰਾਏ ਸੀ ਕਿ ਖਿੱਤੇ ਦੀ ਨੌਜਵਾਨ ਪੀੜ੍ਹੀ ਨੂੰ ਆਪਣੇ ਸੱਭਿਆਚਾਰ, ਵਿਰਸੇ ਅਤੇ ਮਾਤ ਭਾਸ਼ਾ ਨਾਲ ਜੁੜੇ ਰਹਿਣਾ ਚਾਹੀਦਾ ਹੈ। ਇਸ ਸਮਾਗਮ ਦਾ ਆਗਾਜ਼ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ ਅਤੇ ਸੁਸ਼ੀਲ ਦੁਸਾਂਝ ਦੇ ਸਵਾਗਤੀ ਸ਼ਬਦਾਂ ਨਾਲ ਹੋਇਆ ਜਦੋਂਕਿ ਦੀਪ ਦੇਵਿੰਦਰ ਸਿੰਘ ਨੇ ਸਮਾਗਮ ਦੀ ਸਮੁੱਚੀ ਤਫਸੀਲ ਸਾਂਝੀ ਕੀਤੀ।ਭਾਸ਼ਾ ਵਿਗਿਆਨੀ ਡਾ. ਸੁਰਜੀਤ ਸਿੰਘ ਭੱਟੀ ਨੇ ਚਰਚਾ ਦਾ ਮੁੱਢ ਬੰਨ੍ਹਦਿਆਂ ਕਿਹਾ ਕਿ ਸਰਕਾਰ ਵਲੋਂ ਲਿਆਂਦੀ ਗਈ ਸਿੱਖਿਆ ਨੀਤੀ ਕਾਰੋਬਾਰੀ ਘਰਾਣਿਆਂ ਦੇ ਹੱਕ ਵਿੱਚ ਭੁਗਤਦੀ ਹੈ ਅਤੇ ਅਸਲ ਤੱਥ ਆਮ ਲੋਕਾਂ ਤੋਂ ਲੁਕਾ ਕੇ ਰੱਖੇ ਗਏ ਹਨ। ਪੱਤਰਕਾਰ ਅਤੇ ਕਾਲਮ ਨਵੀਸ ਸਤਨਾਮ ਮਾਣਕ ਨੇ ਤਿੰਨ ਭਾਸ਼ਾਈ ਫਾਰਮੂਲੇ ਦੀ ਲੋੜ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਭਾਰਤ ਵਿਚ ਹਰ ਸੂਬੇ ਦੀ ਆਪਣੀ ਖੇਤਰੀ ਜ਼ੁਬਾਨ ਹੈ, ਜਿਸ ਦਾ ਸਥਾਨਕ ਪੱਧਰ ਉੱਤੇ ਵਿਕਾਸ ਹੋਣਾ ਜ਼ਰੂਰੀ ਹੈ। ਉਨ੍ਹਾਂ ਸਿੱਖਿਆ ਦੇ ਨਿੱਜੀਕਰਨ ਦਾ ਵਿਰੋਧ ਕਰਦਿਆਂ ਕਿਹਾ ਕਿ ਇਸ ਨੀਤੀ ਤਹਿਤ ਰਾਜਾਂ ਦੇ ਅਧਿਕਾਰਾਂ ਨੂੰ ਹੋਰ ਢਾਹ ਲੱਗੇਗੀ। ਡਾ. ਲਖਵਿੰਦਰ ਜੌਹਲ ਨੇ ਕਿਹਾ ਕਿ ਭਾਸ਼ਾ ਨੂੰ ਉਤਸ਼ਾਹਤ ਕਰਨ ਲਈ ਅਤੇ ਬਣਦਾ ਮਾਣ-ਤਾਣ ਦੇਣ ਲਈ ਸੁਹਿਰਦ ਹੋਣਾ ਚਾਹੀਦਾ ਹੈ। ਕੇਵਲ ਧਾਲੀਵਾਲ ਨੇ ਕਿਹਾ ਕਿ ਅਜੋਕੀ ਸਿੱਖਿਆ ਨੀਤੀ ਦੀ ਵਿਚਾਰਧਾਰਾ ਸੁਚੇਤ ਹੋ ਕੇ ਸਮਝਣ ਦੀ ਲੋੜ ਹੈ। ਡਾ. ਪਰਮਿੰਦਰ ਅਤੇ ਮੱਖਣ ਕੁਹਾੜ ਨੇ ਸੁਚੇਤ ਕਰਦਿਆਂ ਕਿਹਾ ਕਿ ਬਸਤੀਵਾਦੀ ਆਗੂਆਂ ਨੇ ਭਾਸ਼ਾਵਾਂ ਦਾ ਵੱਡਾ ਨੁਕਸਾਨ ਕੀਤਾ ਹੈ ਅਤੇ ਲੁਕਵੇਂ ਏਜੰਡੇ ਤਹਿਤ ਮਾਤ ਭਾਸ਼ਾ ਨੂੰ ਖੋਰਾ ਲਾ ਰਹੇ ਹਨ। ਡਾ. ਲੇਖ ਰਾਜ, ਡਾ. ਬਲਜੀਤ ਸਿੰਘ ਢਿੱਲੋਂ ਅਤੇ ਡਾ. ਇਕਬਾਲ ਕੌਰ ਸੌਂਦ ਨੇ ਵੀ ਸਮਾਗਮ ਦੀ ਸ਼ਲਾਘਾ ਕੀਤੀ ਜਦੋਂ ਕਿ ਸ਼੍ਰੋਮਣੀ ਸ਼ਾਇਰ ਬਲਵਿੰਦਰ ਸੰਧੂ ਨੇ ਸਭ ਦਾ ਧੰਨਵਾਦ ਕੀਤਾ। ਇਸ ਮੌਕੇ ਸਤੀਸ਼ ਗੁਲਾਟੀ, ਡਾ. ਆਤਮ ਰੰਧਾਵਾ, ਡਾ. ਹੀਰਾ ਸਿੰਘ, ਡਾ. ਗੁਰਬੀਰ ਬਰਾੜ, ਨਵ ਭੁੱਲਰ, ਰਸ਼ਪਿੰਦਰ ਗਿੱਲ, ਮਨਜੀਤ ਸਿੰਘ ਵੱਸੀ, ਮੱਖਣ ਭੈਣੀਵਾਲ, ਸਕੱਤਰ ਪੁਰੇਵਾਲ, ਮੰਗਲ ਟਾਂਡਾ, ਜਸਬੀਰ ਝਬਾਲ, ਸਤਿੰਦਰ ਓਠੀ, ਅਤਰ ਤਰਸਿੱਕਾ, ਡਾ. ਪਰਮਜੀਤ ਬਾਠ, ਡਾ. ਭੁਪਿੰਦਰ ਸਿੰਘ ਫੇਰੂਮਾਨ, ਹਰਮੀਤ ਆਰਟਿਸਟ, ਜਸਵੰਤ ਗਿੱਲ, ਡਾ. ਹਜ਼ਾਰਾ ਸਿੰਘ ਚੀਮਾ, ਡਾ. ਕਸ਼ਮੀਰ ਸਿੰਘ, ਡਾ. ਮੋਹਨ, ਵਿਸ਼ਾਲ ਬਿਆਸ, ਬਲਕਾਰ ਸਿੰਘ ਦੁਧਾਲਾ, ਪ੍ਰਤੀਕ ਸਹਿਦੇਵ ਮਨਮੋਹਨ ਢਿੱਲੋਂ, ਹਰਜੀਤ ਸੰਧੂ, ਦਿਲਰਾਜ ਦਰਦੀ, ਕਿਰਪਾਲ ਸਿੰਘ, ਸੁਖਬੀਰ ਖੁਰਮਣੀਆਂ, ਕੁਲਜੀਤ ਵੇਰਕਾ, ਗੁਰਪ੍ਰੀਤ ਰੰਗੀਲਪੁਰ, ਬਲਵਿੰਦਰ ਸੋਖੋਂ, ਕੁਲਵੰਤ ਸਿੰਘ ਅਣਖੀ, ਮੰਗਤ ਚੰਚਲ, ਪਰਮਜੀਤ ਕੌਰ, ਤ੍ਰਿਪਤਾ, ਨਵਦੀਪ, ਦੀਪਕਾ ਆਦਿ ਹਾਜ਼ਰ ਸਨ।

ਰਾਮਲੀਲ੍ਹਾ ਦਾ ਮੰਚਨ ਅੱਜ ਤੋਂ ਸ਼ੁਰੂ

ਲੋਹੀਆਂ ਖਾਸ, (ਯੋਗੇਸ਼ਵਰ) ਬ੍ਰਹਮਲੀਨ ਮਹੰਤ ਸ੍ਰੀ ਸ੍ਰੀ 108 ਸ਼ਾਂਤੀ ਗਿਰੀ ਮਹਾਰਾਜ ਅਤੇ ਬ੍ਰਹਮਲੀਨ ਮਹੰਤ ਸ੍ਰੀ ਸ੍ਰੀ 108 ਰਵਿੰਦਰਾ ਗਿਰੀ ਮਹਾਰਾਜ ਦੀ ਅਪਾਰ ਕ੍ਰਿਪਾ ਨਾਲ ਅਤੇ ਗੱਦੀ ਨਸ਼ੀਨ ਮਹੰਤ ਸ਼ਿਪਰਾ ਗਿਰੀ ਮਹਾਰਾਜ ਦੇ ਆਸ਼ੀਰਵਾਦ ਨਾਲ ਕੁੰਦਨ ਲਾਲ ਰਾਮਲੀਲਾ ਕਲੱਬ (ਰਜਿ:) ਲੋਹੀਆਂ ਖਾਸ ਵੱਲੋਂ 08 ਅਕਤੂਬਰ ਨੂੰ ਰਾਮਲੀਲ੍ਹਾ ਦਾ ਮੰਚਨ ਸ਼ੁਰੂ ਹੋਣ ਜਾਂ ਰਿਹਾ ਹੈ ਅਤੇ ਕੁੰਦਨ ਲਾਲ ਰਾਮਲੀਲ੍ਹਾ ਕਲੱਬ ਲੋਹੀਆਂ ਖਾਸ (ਜਲੰਧਰ) ਦੇ ਡਾਇਰੈਕਟਰ ਪ੍ਰੇਮ ਕੁਮਾਰ ਸੱਦੀ ਨੇ ਕਿਹਾ ਕਿ 8 ਅਕਤੂਬਰ ਨੂੰ ਸ਼ੁਰੂ ਹੋਣ ਜਾਂ ਰਹੀ 57ਵੀਂ ਰਾਮਲੀਲ੍ਹਾ ਦਾ ਮੰਚਨ ਜਿੱਥੇ ਵਿਸ਼ੇਸ਼ ਅੰਦਾਜ਼ ਵਿੱਚ ਕੀਤਾ ਜਾਵੇਗਾ, ਉਥੇ ਕੁਝ ਨਵਾਂ ਵੀ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ।ਕੁੰਦਨ ਲਾਲ ਰਾਮਲੀਲ੍ਹਾ ਕਲੱਬ ਦੇ ਨਿਰਦੇਸ਼ਕ ਪ੍ਰੇਮ ਕੁਮਾਰ ਸੱਦੀ ਅਗਵਾਈ ਹੇਠ ਸਾਰੇ ਕਲਾਕਾਰ ਵੱਲੋਂ ਰਾਮਲੀਲ੍ਹਾ ਦੀ ਰਿਹਰਸਲ ਸ਼ੁਰੂ ਕਰ ਦਿੱਤੀ ਗਈ ਹੈ। ਇਸ ਵਾਰ 5 ਦਿਨ ਦੀ ਹੋਵੇਗੀ ਜੋ 8 ਅਕਤੂਬਰ ਤੋਂ ਲੈ ਕੇ 11 ਅਕਤੂਬਰ ਤੱਕ ਰਾਮਲੀਲ੍ਹਾ ਦਿਖਾਈ ਜਾਵੇਗੀ, 12 ਅਕਤੂਬਰ ਨੂੰ ਕੁਟੀਆ ਗਰਾਊਂਡ ਸਿੱਧੂਪੁਰ ਰੋਡ, ਲੋਹੀਆਂ ਖਾਸ ਵਿੱਚ ਦੁਸਹਿਰਾ ਲਗਾਇਆ ਜਾਵੇਗਾ।13 ਅਕਤੂਬਰ ਨੂੰ ਭਰਤ ਮਿਲਾਪ ਦਾ ਸੀਨ ਦਿਖਾਇਆ ਜਾਵੇਗਾ।

ਟੀ ਵੀ ਸ਼ੋਅ 'ਕਿਸ ਮੈਂ ਕਿਤਨਾ ਹੈ ਦਮ' 'ਚ ਸਰਗੁਣਪ੍ਰੀਤ ਕੌਰ ਉਪ ਜੇਤੂ

ਬਟਾਲਾ (ਤਰਲੋਕ ਬੱਗਾ)- ਆਰ.ਡੀ. ਖੋਸਲਾ ਡੀ.ਏ.ਵੀ. ਮਾਡਲ ਸੀਨੀਅਰ ਸੈਕੰਡਰੀ ਸਕੂਲ ਬਟਾਲਾ ਦੀ ਚੌਥੀ ਜਮਾਤ ਦੀ ਵਿਦਿਆਰਥਣ ਸਰਗੁਣਪ੍ਰੀਤ ਕੌਰ ਨੇ ਟੀ.ਵੀ. ਸ਼ੋਅ 'ਕਿਸ ਮੈਂ ਕਿਤਨਾ ਹੈ ਦਮ' ਦੇ ਗ੍ਰੈਂਡ ਫਿਨਾਲੇ 'ਚ ਸੈਕਿੰਡ ਰਨਰ ਅੱਪ ਬਣ ਕੇ ਸਕੂਲ ਦਾ ਮਾਣ ਵਧਾਇਆ। ਇਸ ਤੋਂ ਪਹਿਲਾਂ ਪਹਿਲੇ ਦੌਰ ਵਿੱਚ ਉਸ ਨੇ ਆਰ .ਡੀ. ਖੋਸਲਾ ਸਕੂਲ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਅਤੇ ਸੰਗਰੂਰ ਵਿੱਚ ਆਯੋਜਿਤ ਆਖਰੀ ਦੌਰ ਦੇ ਗ੍ਰੈਂਡ ਫਿਨਾਲੇ ਵਿੱਚ ਉਪ ਜੇਤੂ ਰਹੀ। ਟੇਲੈਂਟ ਸ਼ੋਅ ਮਹਾਸੰਗਰਾਮ ਟੀ ਵੀ ਸ਼ੋਅ ਕਿਸ ਮੈਂ ਕਿਤਨਾ ਹੈ ਦਮ ਦੇ ਗਰੈਂਡ ਫਿਨਾਲੇ ਸੀਜ਼ਨ 10 ਵਿੱਚ 19 ਬੱਚਿਆਂ ਨੇ ਡਾਂਸ ਮੁਕਾਬਲੇ ਵਿੱਚ ਭਾਗ ਲਿਆ ਜਿਸ ਵਿੱਚ ਸਰਗੁਣਪ੍ਰੀਤ ਕੌਰ ਨੇ ਇਹ ਸਫਲਤਾ ਹਾਸਲ ਕੀਤੀ। ਸਕੂਲ ਦੇ ਚੇਅਰਮੈਨ ਅਰਵਿੰਦ ਖੋਸਲਾ, ਪ੍ਰਧਾਨ ਅਜੇ ਖੋਸਲਾ ਅਤੇ ਪ੍ਰਿੰਸੀਪਲ ਡਾ. ਬਿੰਦੂ ਭੱਲਾ ਨੇ ਹੋਣਹਾਰ ਵਿਦਿਆਰਥਣ ਸਰਗੁਣਪ੍ਰੀਤ ਕੌਰ, ਉਸ ਦੇ ਮਾਪਿਆਂ ਨੂੰ ਹਾਰਦਿਕ ਵਧਾਈ ਅਤੇ ਸ਼ੁੱਭਕਾਮਨਾਵਾਂ ਦਿੱਤੀਆਂ ਅਤੇ ਉਸ ਦੇ ਸੁਨਹਿਰੀ ਭਵਿੱਖ ਦੀ ਕਾਮਨਾ ਕੀਤੀ। ਉਨ੍ਹਾਂ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਅਜਿਹੇ ਪ੍ਰੋਗਰਾਮਾਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਇਸ ਨਾਲ ਬੱਚਿਆਂ ਵਿੱਚ ਰਚਨਾਤਮਕ ਅਤੇ ਸਿਰਜਣਾਤਮਕ ਰੁਚੀਆਂ ਦਾ ਵਿਕਾਸ ਹੁੰਦਾ ਹੈ ਅਤੇ ਉਨ੍ਹਾਂ ਨੂੰ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕਰਨ ਲਈ ਇੱਕ ਨਵਾਂ ਪਲੇਟਫਾਰਮ ਵੀ ਮਿਲਦਾ ਹੈ।

ਸ਼ਹਿਨਾਈ

ਲਵਪ੍ਰੀਤ ਸਿੰਘ ਸਪੁੱਤਰ ਲਖਵਿੰਦਰ ਸਿੰਘ ਵਾਸੀ ਪਿੰਡ ਸੋਹਲ, ਹਾਲ ਵਾਸੀ ਦਸਮੇਸ਼ ਨਗਰ, ਡਗਿਆਣਾ (ਜੰਮੂ) ਅਤੇ ਸਿਮਰਨਜੀਤ ਕੌਰ ਸਪੁੱਤਰੀ ਗੁਰਮੀਤ ਸਿੰਘ ਵਾਸੀ ਪਿੰਡ ਫੁੱਲੇਕੇ (ਬਟਾਲਾ) ਦਾ ਸ਼ੁੱਭ ਆਨੰਦ ਕਾਰਜ ਜੋਇਆ।

ਕਲਾਸੀਫਾਈਡ ਇਸ਼ਤਿਹਾਰ

COURT NOTICE

(U/o 5 Rule 20 CPC)
In the Court of
Ms. Gurpreet Kaur-II
Civil Judge Junior Division-2, Zira
CNR No. PBFZAO-000311-2024
Next Date :- 30-10-2024
Bank of Baroda
Vs.
Swaran Singh ect.
Publication Issued to :
Swaran Singh, Through its Lrs
(i) Baldev Singh Father : Swaran Singh Village Shianpari, Tehsil Zira, Distt. Fzr.
(ii) Darshan Singh Father : Sarwan Singh Village Shianpari, Tehsil Zira, Distt. Fzr.
2. Inderjit Singh, Father : Nishan Singh, Village Shianpari, Tehsil zira, Distt. Fzr.
In above titled case, the defendant(s)/ respondent(s) could not be served. It is ordered that defendant(s)/ respondent (s) should appear in person or through counsel on 30.10.2024 at 10:00 A.M.
For details logon to https://highcourtchd.gov.in/?trs=district_notice&district=Ferozepur
Civil Judge Junior Division-2, Zira
Dated this day of 04-10-2024

COURT NOTICE

In the Court of
Ms. Indu Bala
Addl. Civil Judge Senior Division Khadoor Sahib
CNR No. PBTTB0000076-2024
EXE/7/2024
Next Date :- 22-10-2024
Gulshan Kumar
V/S
Joginder Singh
Publication Issued to defendants
Joginder Singh S/o Hari Singh S/o Sohan Singh resident of VPO Uppal,Tehsil Khadur Sahib, District Tarn Taran
In above titled case, the defendant (s)/ respondent(s) could not be served. It is ordered that defendant(s) / respondent(s) should appear in person or through counsel on 22.10.2024 at 10:00 A.M.
For details logon to https://highcourtchd.gov.in/?trs=district_notice&district=tarntaran
Addl. Civil Judge (Senior Division) Khadoor Sahib
Dated this day of 05.10.2024

COURT NOTICE

(U/o 5 Rule 20 CPC)
In the Court of Sanjiv Joshi
Principal Judge, Family Court Camp Court at Bholath, Bholath
GW/17/2024
CNR No. PBKPF4-000096-2024
Next Date : 23.10.2024
Harjasprit Kaur W/o Jarnail Singh D/o Late Joginder Singh R/o Village Bagwanpur, Tehsil Bholath, Distt. Kapurthala
VS
General Public
Publication Issued To :
General Public
In above titled case, the defendant(s)/ respondent(s) could not be served. It is ordered that defendant(s)/ respondent (s) should appear in person or through counsel on 23.10.2024 at 10:00 A.M.
For details logon to https://highcourtchd.gov.in/?mod=district_notice&district=Kapurthala
Principal Judge, Family Court, Camp Court at Bholath, Bholath
Dated this day of 03-10-2024

COURT NOTICE

(U/o 5 Rule 20 CPC)
In the Court of Sanjeeta
Additional Principal Judge
Family Court, Amritsar
CNR No. PBAS01-002512-2024
Next Date : 20.11.2024
Sahil Bhaskar aged about 30 years S/o Rajesh Bhaskar R/o House No. 29, Ram Nagar, Kangra Colony Batala Road, Amritsar
VS
Pallavi Joshi
Publication Issued To :
Pallavi Joshi D/o Ashwani Joshi,Village Gagomahal, Tehsil Ajnala, Distt. Amritsar.
In above titled case, the defendant(s)/ respondent(s) could not be served. It is ordered that defendant(s)/ respondent (s) should appear in person or through counsel on 20.11.2024 at 10:00 A.M.
For details logon to https://highcourtchd.gov.in/?trs=district_notice&district=Amritsar
Additional Principal Judge Family Court, Amritsar
Dated this day of 07-10-2024

COURT NOTICE

(U/o 5 Rule 20 CPC)
In the Court of
Sh. Balkar Singh
Civil Judge Junior Division-1, Nabha
CNR No. PBPTB0-000159-2024
Next Date :- 25-10-2024
Anu Gupta
Vs.
Keshwar Chand Lamba
The Plaintiff Prays for recovery of amount of Rs. 585144/-
Publication Issued to :
Hitesh Garg
Father :- Sudesh Kumar, Bansan Street, Near LBMM College, Nabha
In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 25.10.2024 at 10:00 A.M.
For details logon to https://highcourtchd.gov.in/?trs=district_notice&district=Patiala
Civil Judge Junior Division-1, Nabha
Dated, this day of 05.10.2024

COURT NOTICE

(U/o 5 Rule 20 CPC)
In the Court of Sanjiv Joshi
Principal Judge, Family Court Camp Court at Bholath, Bholath
GW/15/2024
CNR No. PBKPF4-000079-2024
Next Date : 06.11.2024
Randeep Singh Sarai S/o Rajinder Singh R/o Vill. Talwandi Kuka, Tehsil Bholath, Distt. Kapurthala
VS
General Public
Publication Issued To :
General Public
In above titled case, the defendant(s)/ respondent(s) could not be served. It is ordered that defendant(s)/ respondent (s) should appear in person or through counsel on 06.11.2024 at 10:00 A.M.
For details logon to https://highcourtchd.gov.in/?mod=district_notice&district=Kapurthala
Principal Judge, Family Court Camp Court at Bholath, Bholath
Dated this day of 03-10-2024

COURT NOTICE

(U/o 5 Rule 20 CPC)
In the Court of Shagun
Additional Civil Judge, (Senior Division), Bholath
CS/3/2024
CNR No. PBKPC0-000004-2024
Next Date : 24.10.2024
Sartaj Singh (Minor) Son of Navjit Singh R/o Village Kaluwal, Tehsil Bholath, Distt. Kapurthala through his guardian as mother Jagjeet Kaur W/o Navjit Singh R/o Village Kaluwal, Tehsil Bholath, Distt. Kapurthala
VS
General Public
Publication Issued To :
General Public
In above titled case, the defendant(s)/ respondent(s) could not be served. It is ordered that defendant(s)/ respondent (s) should appear in person or through counsel on 24.10.2024 at 10:00 A.M.
For details logon to https://highcourtchd.gov.in/?mod=district_notice&district=Kapurthala
Additional Civil Judge, (Senior Division), Bholath
Dated this day of 03-10-2024

COURT NOTICE

(U/o 5 Rule 20 CPC)
In the Court of Sanjeeta
Additional Principal Judge
Family Court, Amritsar
CNR No. PBAS01-001241-2021
Next Date : 08.11.2024
Jatinder Singh Chawla aged about 34 years S/o Amarjit Singh Chawla R/o H. No. 94, East Mohan Nagar, 100 Feet Road, Amritsar
VS
Rohini Sekhri
Publication Issued To :
Rohini Sekhri wife of Jatinder Singh Chawla D/o Raj Kumar Sekhri, R/o H. No. 139, Tower Enclave, Wadala Chowk, Jalandhar and also R/o H. No. 15-B, Gali No. 2, Near Panj Peer, New Golden Avenue, Amritsar.
In above titled case, the defendant(s)/ respondent(s) could not be served. It is ordered that defendant(s)/ respondent (s) should appear in person or through counsel on 08.11.2024 at 10:00 A.M.
For details logon to https://highcourtchd.gov.in/?trs=district_notice&district=Amritsar
Additional Principal Judge Family Court, Amritsar
Dated this day of 07-10-2024

Change of Name

I, Davinder Kumar s/o Mohinder Pal Sharma r/o 32, Maha Kali Nagar, Sodal Saipur Road Jalandhar have changed my name to Davinder Kumar Sharma, Please note all concerned

I, Mohinder Pal s/o Jawand Lal r/o H. No. 32, Near Kali Mata Mandir, Sodal Saipur Road Jalandhar have changed my name to Mohinder Pal Sharma, Please note all concerned.

I, hitherto known as Amritpreet Singh S/o Rupinder Singh R/o Ward No. 05 House No. 12 Guru Nanak Nagar Bhogpur District Jalandhar, Punjab 144201, have changed my name as Singh Amritpreet and now my given name is Amritpreet and my surname is Singh.

Jaswinder singh S/o Tarlok singh R/o Village Bhattian Jattan P.O Tanda Ram Sahai Tehsil Mukerian Distt.Hoshiarpur Punjab. My name Jaswinder singh is incorrect My correct name is given Jaswinder &surname is Singh all concerned note.

I, Hardip Kaur D/o Surinder Singh R/o Village Jandu Singha, Patti Bainsa, Distt. Jalandhar have changed my name from Hardip Kaur to Hardeep Kaur. Please note. (10781)

I, Mamta W/O Rajinder Kumar R/O VPO Mattewal Tehsil Baba Bakala, Distt. Amritsar, Punjab have changed my name from Mamta to Mamta Sharma. Concerned note.

I,Gurbachen Kaur W/O Iqbal Singh R/O VPO Malowal Tehsil Baba Bakala Distt. Amritsar, Punjab have changed my name from Gurbachen Kaur to Gurbachan Kaur. Concerned note.

I Gurbakhsh Kaur W/o Sulinder Singh R/o Village Mangeki, PO. Alampur Bakka, Distt. Jalandhar, Punjab-144801, declare that I have changed my name from Gurbax Kaur to Gurbahsh Kaur. Concerned Please Note.

I, Amarjit Kaur W/o Mukhtar Singh R/o H.No.3732, Sheikh Fatah Gate, Jandiala Guru Amritsar have changed my name from Amarjit Kaur to Amarjeet Kaur.

I, Rajeev Pasricha S/o Hira Lal R/o 1022/C, Gali Bhagta Wali, Namak Mandi Amritsar have changed my name from Rajeev Pasricha to Rajiv Pasricha.

I, Satnam Singh S/o Iqbal Singh R/o Village Dehriwal Tehsil Baba Bakala Post Office Tarsikka District Amritsar Punjab-143116 have declare that Satnam is my Given name and Singh is my Surname.

I, Harbhajan Singh Sandhu S/o Trilok Singh R/o H.No.65, Baba Deep Singh Nagar, Chheharta, Amritsar have changed my name from Harbhajan Singh Sandhu to Harbhajan Singh.

I Rozy Narula, Rosy Narula and Rozy W/o Deepak Kumar R/o H No. HL-95, Aman Avenue Colony, O/s Gate Hakima, Amritsar have certified that above both name's are mine one and same Person.

I Savita W/o Sanjeev Kumar Saggar R/o H.No.111 Urban Estate Old Near Radha Swami Satsang Ghar Ram Tirath Road Amrtisar have changed my name to Saveeta.

I, Gurjit Kaur D/O Pritam Singh R/O Hno 22 Gali No 5 Shaheed Udham Singh Nagar Amritsar have changed my name from Gurjit Kaur to Gurjeet Kaur.

I, Jugraj Singh S/o Sukhwant Singh R/o Village Hetampura PO Preet Nagar, Tehsil Ajnala District Amritsar have declare that Jugraj is my Given name and Singh is my Surname.

I, Sonia Kaur W/o Vikramjit Singh R/o 196, Mehta Road, Focal Point, Amritsar have changed my name from Sonia Kaur To Soniya Kaur.

I, Maninder Arora W/o Ajinder Singh R/o H.No.M-3/933, Lakshmi Avenue, Dana Mandi Road, O/s Gate Bhagtanwala, Amritsar have changed my name from Maninder Arora to Maninder Kaur.

I, Ajinder Singh Arora S/o Dalip Singh Arora R/o H.No.M-3/933, Lakshmi Avenue, Dana Mandi Road, O/s Gate Bhagtanwala, Amritsar have changed my name from Ajinder Singh Arora to Ajinder Singh

I, Nishan Singh S/o Arjan Singh R/o Tarn Taran Road, Bala Chak, Chabha, Tarn Taran have changed my Daughter's name from Jasmeen Kaur to Navdeep Kaur.

I, Reva wife of Gulzar Masih resident of H. No. 510, Gali No. 2, Hargobind Avenue, Majitha Road, Amritsar, Punjab, have changed my name from Reva to Rewa.

I, Kanwaljit Kaur W/o Prabhjit Singh Randhawa R/o H.No.69, Near Commissioner Di Kothi, Akal Sahai Avenue, Ajnala Road, Amritsar have changed my name from Kanwaljit Kaur to Kanwaljit Kaur Randhawa.

I, Harman S/O Diyal Chand R/O VPO. Ratainda, PO. Ratinda, Teh. Banga, Distt. SBS Nagar, Punjab have changed my name from Harman to Harman Chouhan. Please note.

I, Prabhot D/O Harbhajan Singh R/O Vpo Kangniwal Jalandhar 144032 Punjab India, Have Changed My Name From Prabhjot To Prabhot Kaur.

I Lovepreet S/O Teja Ram R/O Gondpur Tehsil Garhshankar Distt Hoshiarpur Have Changed My Name To Lovepreet Singh.

I, Baljit Singh S/o Sukhraj Singh R/o Vill. Rikhia, PO. Talwandi Lal Singh, Tehsil Batala, Distt. Gurdaspur, Punjab have changed my name from Baljit Singh to Singh Baljit. Concerned Note.

I, Satwant Singh S/o Sukhwant Singh R/o VPO. Talwandi Lal Singh, Tehsil Batala, Distt. Gurdaspur, Punjab have changed my name from Satwant Singh to Singh Satwant. Concerned Note.

I, Lakshay Kumar S/O Surinder Kumar, R/O Dr Ambedkar Chowk, Hadiabad, Po Satnampura, Phagwara, Distt. Kapurthala, Punjab Have Changed My Name From Lakshay To Lakshay (Name) Kumar (Surname) . All Concerned Please Note.

I, Mukesh Kumar Kalia S/O Kuldeep Kumar, R/O H No 58a, Street No 10, Central Town, Distt. Jalandhar, Punjab Have Changed My Name From Mukesh Kalia To Mukesh Kumar Kalia. All Concerned Please Note.

Change of Name

I, KAUR JASPREET W/o NIRVAIR SINGH, R/o Village Mire, Tehsil Sultanpur Lodhi, Kapurthala (Punjab) declare that I have changed my name from JASPREET KAUR to KAUR JASPREET. All Concerned note please.

I Kulwant Rani W/o Mohan Lal R/o V. Nangal PO Chachoki, Teh. Phagwara, Kapurthala-144632, Punjab, have changed my name from Kulwant Rani to Rani.

I, Vicky S/o Satpal R/o H.No. 38 Kala Sangha Road, Ishwar Nagar, Jalandhar, Punjab have changed my name from Vicky to Vicky Kumar. All please note.

I, hitherto known as Amarjit S/o Parkash Ram R/o 125, Bhanoki, Kapurthala, Bhanoki, Punjab-144402 have changed my name and shall hereafter be known as Amarjit Singh Bains.

I, Harjit Kaur W/o Parminder Singh R/o H.No. 969, Ekta Nagar, Phase-2, Rama Mandi, Jalandhar, Punjab have changed my minor son name from Yashnoor to Yashnoor Singh Randhawa. All please note.

I, Mehboob Masih s/o Jalal Masih R/o Vill. Budhanwal, Po. Sandhanwal, Teh. Shahkot, Distt. Jalandhar have changed my name from Mehboor Masih to Mehboob Masih. All please note.

I, Sewa Singh S/o Kirpa Singh Sandhar R/o 205, Lane No.5, 66 Ft Road, Dashmesh Avenue, Po. Mithapur, Jalandhar have changed my name to Sewa Singh Sandhar. All please note.

I, Gurdeep Kaur w/o Sewa Singh Sandhar r/o 205, Lane no.5, 66 Ft Road, Dashmesh Avenue, Mithapur, Jalandhar have changed my name to Gurdip Kaur Sandhar. All please note.

I, Paramjit s/o Nasib Chand r/o VPO. Sammipur, Distt. Jalandhar, Punjab have changed my name from Paramjeet to Paramjit. All please note.

I, Rajni Soni d/o Surinder Soni w/o Dhiraj Kumar r/o h.no.E.N-207, Rasta Mohalla, Jalandhar-144001, Punjab have changed my name from Rajni Soni to Rajni. All please note.

I, Fakeer Husiaan s/o Ismael r/o Vill.Shakarpur, Po. Pachranga, Distt. Jalandhar, Punjab have changed my name to Faqir Husain. All please note.

ਨਾਂਅ ਦੀ ਬਦਲੀ

ਮੈਂ, ਮੋਨਿਕਾ ਰਾਣੀ ਮੋਦਗਿਲ ਪਤਨੀਂ ਭਰਤਇੰਦਰ ਪਾਠਕ, ਵਾਸੀ ਮਕਾਨ ਨੰਬਰ 21, ਵਾਰਡ ਨੰਬਰ 12ਏ, ਸ਼ਿਵਪੁਰੀ ਮੁਹੱਲਾ, ਧੂਰੀ (ਸੰਗਰੂਰ) ਨੇ ਆਪਣਾ ਨਾਮ ਬਦਲ ਕੇ ਮੋਨਿਕਾ ਰਾਣੀ ਰੱਖ ਲਿਆ ਹੈ।

ਮੈਂ, ਚਨਪ੍ਰੀਤ ਸਿੰਘ ਪੁੱਤਰ ਰਘਬੀਰ ਸਿੰਘ ਵਾਸੀ ਪੱਤੀ ਜਲਾਲ ਕੀ, ਗੁਰੂ ਵਾਲੀ, ਤਰਨ ਤ

ਭਗਵਾਨ ਸ੍ਰੀ ਰਾਮ ਵੱਲੋਂ ਤਾੜਕਾ ਅੰਤ ਦੇ ਦ੍ਰਿਸ਼ ਦਿਖਾਏ

ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਸਰਵਹਿੱਤਕਾਰੀ ਸਭਾ ਸ੍ਰੀ ਰਾਮਲੀਲਾ ਕਮੇਟੀ ਵਲੋਂ ਦੁਸਹਿਰਾ ਮੈਦਾਨ ਵਿਖੇ ਮੰਚਨ ਦੀ ਸ਼ੁਰੂਆਤ ਤੋਂ ਪਹਿਲਾਂ ਅਹੁਦੇਦਾਰਾਂ ਤੇ ਕਲਾਕਾਰਾਂ ਵਲੋਂ ਪ੍ਰਾਥਨਾ ਕੀਤੀ ਗਈ। ਇਸ ਮੰਚਨ ਦੀ ਰਾਤ ਦਾ ਉਦਘਾਟਨ ਜਿਊਲਰ ਮਨੋਜ ਵਰਮਾ, ਆੜ੍ਹਤੀ ਰਾਜੀਵ ਕੌਸ਼ਲ ਤੇ ਜੈਦੀਪ ਕਾਹਲੋਂ ਵਲੋਂ ਸੰਯੁਕਤ ਰੂਪ ਵਿਚ ਕੀਤਾ ਗਿਆ। ਸਭਾ ਦੇ ਪ੍ਰਧਾਨ ਅਸ਼ੋਕ ਸੂਦ ਤੇ ਚੇਅਰਮੈਨ ਮੋਹਿਤ ਕੁੰਦਰਾ ਵਲੋਂ ਆਏ ਮੁੱਖ ਮਹਿਮਾਨਾਂ ਨੂੰ ਸਨਮਾਨਤ ਵੀ ਕੀਤਾ ਗਿਆ। ਤਾੜਕਾ ਦੀ ਮੌਤ ਦੇ ਦ੍ਰਿਸ਼ ਦਿਖਾਏ ਗਏ, ਜਿਸ ਨੂੰ ਲੋਕਾਂ ਵਲੋਂ ਖੂਬ ਸਰਾਹਿਆ ਗਿਆ। ਦ੍ਰਿਸ਼ ਦੌਰਾਨ ਰਿਸ਼ੀ ਵਿਸ਼ਵਾ ਮਿੱਤਰ ਰਾਜਾ ਦਸਰਥ ਕੋਲ ਰਾਕਸ਼ਸਾਂ ਦਾ ਅੰਤ ਕਰਨ ਲਈ ਭਗਵਾਨ ਰਾਮ ਤੇ ਲਛਮਣ ਨੂੰ ਲੈਣ ਗਏ ਜਿਸ 'ਤੇ ਭਗਵਾਨ ਰਾਮ ਵਲੋਂ ਤਾੜਕਾ ਨੂੰ ਮੌਤ ਦੇ ਘਾਟ ਉਤਾਰਿਆ ਗਿਆ ਤੇ ਨਾਲ ਹੀ ਮਰੀਚ 'ਤੇ ਸੁਬਾਹੂ ਨੂੰ ਯੁੱਧ ਦੌਰਾਨ ਹਰਾਇਆ। ਤਾੜਕੇ ਦੇ ਸਿਆਪੇ ਦੌਰਾਨ ਕਾਮੇਡੀਅਨ ਨਰੇਸ਼ ਖੇੜਾ ਨੇ ਵਧੀਆ ਅਦਾਕਾਰੀ ਕੀਤੀ ਅਤੇ ਉਮੇਸ਼ ਸੂਈ ਨੇ ਰਾਕਸ਼ਣੀ ਤਾੜਕਾ ਦਾ ਕਿਰਦਾਰ ਨਿਭਾਇਆ।

ਵਿਦਿਆਰਥੀਆਂ ਨੂੰ ਘਰਾਂ 'ਚ ਪੈਦਾ ਹੋਣ ਵਾਲੇ ਵੇਸਟ ਨੂੰ ਮੈਨੇਜ ਕਰਨ ਸੰਬੰਧੀ ਸੈਮੀਨਾਰ ਲਾਇਆ

ਜਲਾਲਾਬਾਦ (ਜੰਗੀਰ ਕੌਰ/ਜੀਤ ਕੁਮਾਰ)-ਪੀ.ਐਮ.ਆਈ.ਡੀ.ਸੀ. ਤੇ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਨਗਰ ਕੌਂਸਲ ਦੀ ਟੀਮ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਵਿੱਚ ਵਿਜ਼ਿਟ ਕੀਤੀ ਗਈ। ਇਸ ਮੌਕੇ ਸਕੂਲ ਦੇ ਇੰਚੇਟ ਇੰਚਾਰਜ ਸ੍ਰੀਮਤੀ ਸੋਨੀਆ ਬਜਾਜ ਤੇ ਸ਼੍ਰੀਮਤੀ ਸਰਬਜੀਤ ਕੌਰ ਵੱਲੋਂ ਸੈਮੀਨਾਰ ਆਯੋਜਤ ਕੀਤਾ ਗਿਆ, ਜਿਸ ਨੂੰ ਨਗਰ ਕੌਂਸਲ ਤੋਂ ਪ੍ਰੋਗਰਾਮ ਕੁਆਰਡੀਨੇਟਰ ਅਮਨਦੀਪ ਵੱਲੋਂ ਸੰਬੋਧਿਤ ਕੀਤਾ ਗਿਆ, ਜਿਸ ਵਿੱਚ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਘਰਾਂ ਵਿੱਚ ਪੈਦਾ ਹੋਣ ਵਾਲੇ ਵੇਸਟ ਨੂੰ ਮੈਨੇਜ ਕਰਨ ਸਬੰਧੀ ਕਿਹਾ ਕਿ ਆਪਣੇ ਘਰ ਦੇ ਵੇਸਟ ਨੂੰ ਅਲੱਗ-ਅਲੱਗ ਰੱਖਣ ਦੇ ਨਾਲ-ਨਾਲ ਸਿੰਗਲ ਯੂਜ ਪਲਾਸਟਿਕ ਦੀ ਵਰਤੋਂ ਬੰਦ ਕਰਨ ਬਾਰੇ ਦੱਸਿਆ। ਇਸ ਤੋਂ ਬਾਅਦ ਵਿਦਿਆਰਥੀਆਂ ਤੇ ਪ੍ਰਿੰਸੀਪਲ ਸ੍ਰੀ ਅਮਿਤ ਗਗਨੇਜਾ ਤੇ ਅਧਿਆਪਕਾਂ ਨੂੰ ਵੇਸਟ ਸਬੰਧੀ ਡੈਮੋ ਦਿੱਤੀ ਗਈ, ਜਿਸ ਵਿੱਚ ਵੇਟ ਅਤੇ ਡਰਾਈ ਵੇਸਟ ਬਾਰੇ ਦੱਸਿਆ ਗਿਆ। ਪ੍ਰਿੰਸੀਪਲ ਅਮਿਤ ਗਗਨੇਜਾ ਨੇ ਸ਼ਹਿਰ ਵਾਸੀਆਂ ਨੂੰ ਸਿੰਗਲ ਯੂਜ ਪਲਾਸਟਿਕ ਦੀ ਵਰਤੋਂ ਬੰਦ ਕਰਨ ਲਈ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਇਸ ਦੀ ਵਰਤੋਂ ਬੰਦ ਕਰਨ ਨਾਲ ਸ਼ਹਿਰ ਨੂੰ ਹੋਰ ਸੁੰਦਰ ਬਣਾਇਆ ਜਾ ਸਕਦਾ ਹੈ।

ਡੀ ਏ ਵੀ ਨੈਸ਼ਨਲ ਖੇਡਾਂ 'ਚ ਤੀਰਅੰਦਾਜ਼ੀ ਤੇ ਚੈੱਸ 'ਚ ਜਿੱਤੇ ਮੈਡਲ

ਜਗਰਾਉਂ (ਅਮਿਤ ਖੰਨਾ)-ਡੀ ਏ ਵੀ ਨੈਸ਼ਨਲ ਖੇਡਾਂ ਦੇ ਸਟੇਟ ਲੈਵਲ ਵਿੱਚ ਡੀ.ਏ.ਵੀ. ਦੀਆਂ ਚੈੱਸ ਖਿਡਾਰਨਾਂ ਆਇਰਾ ਬਾਂਸਲ, ਪਾਰੁਲ ਚੋਪੜਾ, ਏਂਜਲ ਤੇ ਪ੍ਰਗਤੀ ਨੇ ਤੀਜਾ ਸਥਾਨ ਪ੍ਰਾਪਤ ਕੀਤਾ।ਤੀਰਅੰਦਾਜ਼ੀ-14 ਅਨੁਸ਼ਕਾ ਸ਼ਰਮਾ ਇੰਡੀਅਨ ਰਾਊਂਡ ਵਿੱਚ ਤਿੰਨ ਗੋਲ਼ਡ ਮੈਡਲ, ਅੰਡਰ-19 ਵਿੱਚ ਨੂਰ ਸ਼ਰਮਾ ਕੰਮ ਪਾਊਂਡ ਰਾਊਂਡ ਵਿੱਚ ਚਾਰ ਚਾਂਦੀ ਦੇ ਮੈਡਲ ਤੇ ਅੰਕੁਰਪ੍ਰੀਤ ਕੌਰ ਨੇ ਰੀਕਰਵ ਰਾਊਂਡ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਕੇ ਪਹਿਲੀ ਟੀਮ ਟਰਾਫ਼ੀ ਪ੍ਰਾਪਤ ਕੀਤੀ।ਅੰਡਰ-14 ਸਾਲਾਂ ਲੜਕਿਆਂ ਵਿੱਚ ਕ੍ਰਿਸ਼ਵ ਗੁਪਤਾ ਨੇ ਇੰਡੀਅਨ ਰਾਊਂਡ ਵਿੱਚ ਤਿੰਨ ਗੋਲ਼ਡ ਮੈਡਲ ਤੇ ਭਵਈਸ਼ਵਰ ਸਿੰਘ ਨੇ ਕੰਮਪਾਊਂਡ ਰਾਊਂਡ ਵਿੱਚ ਤਿੰਨ ਗੋਲਡ ਮੈਡਲ ਪ੍ਰਾਪਤ ਕਰਕੇ ਪਹਿਲੀ ਟੀਮ ਟਰਾਫ਼ੀ ਪ੍ਰਾਪਤ ਕੀਤੀ।ਅੰਡਰ-17 ਸਾਲ ਰੀਕਰਵ ਰਾਊਂਡ ਵਿੱਚ ਸ਼ੌਰਿਆ ਗੇਦਰ ਨੇ ਚਾਰ ਕਾਂਸੀ ਦੇ ਮੈਡਲ ਪ੍ਰਾਪਤ ਕਰਕੇ ਤੀਜੀ ਟੀਮ ਟਰਾਫ਼ੀ 'ਤੇ ਕਬਜ਼ਾ ਕੀਤਾ।ਅੰਡਰ-19 ਸਾਲ ਇੰਡੀਅਨ ਰਾਊਂਡ ਵਿੱਚ ਹਰਮਨਪ੍ਰੀਤ ਸਿੰਘ ਨੇ ਚਾਰ ਸਿਲਵਰ ਮੈਡਲ ਤੇ ਰੀਕਰਵ ਰਾਊਂਡ ਵਿੱਚ ਮਾਨਵਦੀਪ ਸਿੰਘ ਨੇ ਚਾਰ ਚਾਂਦੀ ਦੇ ਮੈਡਲ ਜਿੱਤ ਕੇ ਦੋਨਾਂ ਖਿਡਾਰੀਆਂ ਨੇ ਓਵਰਆਲ ਦੂਜੇ ਸਥਾਨ ਦੀ ਟੀਮ ਟਰਾਫ਼ੀ ਪ੍ਰਾਪਤ ਕੀਤੀ।ਤੀਰਅੰਦਾਜ਼ੀ (ਅਰਚਰੀ) ਦੇ ਸਾਰੇ ਖਿਡਾਰੀ ਅੱਗੇ ਨੈਸ਼ਨਲ ਪੱਧਰ 'ਤੇ ਵੀ ਆਪਣੀ ਖੇਡ ਦਾ ਪ੍ਰਦਰਸ਼ਨ ਕਰਨਗੇ।

ਦ੍ਰਿੜ੍ਹ ਇਰਾਦੇ ਨਾਲ ਖੇਡਾਂ 'ਚ ਚਮਕ ਸਕਦਾ ਪਿੰਡਾਂ ਦਾ ਨਾਂਅ : ਜੱਗੂ ਕੋਚ

ਨਿਹਾਲ ਸਿੰਘ ਵਾਲਾ (ਨਛੱਤਰ ਸੰਧੂ)

ਖੇਡਾਂ ਵਤਨ ਪੰਜਾਬ ਦੀਆਂ (ਜ਼ਿਲ੍ਹਾ ਪੱਧਰੀ) ਵਿੱਚ, ਵੱਖੋ-ਵੱਖਰੇ ਭਾਰ ਵਰਗਾਂ ਤੇ ਉਮਰ ਵਰਗਾਂ ਵਿੱਚ ਇਲਾਕਾ ਨਿਹਾਲ ਸਿੰਘ ਵਾਲਾ ਜ਼ਿਲ੍ਹਾ ਮੋਗਾ ਦੀ ਮਾਣਮੱਤੀ ਖੇਡ ਸੰਸਥਾ, ਬਾਬਾ ਸ਼ੇਖ਼ ਫ਼ਰੀਦ ਕੁਸ਼ਤੀ ਅਖਾੜਾ, ਪਿੰਡ ਧੂਰਕੋਟ ਰਣਸੀਂਹ, ਹਲਕਾ ਨਿਹਾਲ ਸਿੰਘ ਵਾਲਾ ਨੇ 40 ਦੇ ਕਰੀਬ ਗੋਲਡ ਮੈਡਲਾਂ ਸਮੇਤ ਕੁੱਲ 60 ਮੈਡਲ ਜਿੱਤ ਕੇ ਆਪਣੀ ਪ੍ਰਤਿਭਾ ਦਾ ਮੁਜਾਹਰਾ ਕੀਤਾ।ਇਨ੍ਹਾਂ ਵਿੱਚੋਂ 22 ਗੋਲਡ ਮੈਡਲ ਪਹਿਲਵਾਨ ਬੇਟੀਆਂ ਨੇ ਅਤੇ 18 ਗੋਲਡ ਮੈਡਲ ਪਹਿਲਵਾਨ ਨੌਜਵਾਨਾਂ ਨੇ ਹਾਸਲ ਕੀਤੇ।ਅਖਾੜੇ ਦੇ ਕੋਚ ਜਗਦੀਪ ਸਿੰਘ (ਜੱਗੂ ਕੋਚ) ਨੇ ਦੱਸਿਆ ਕਿ ਦ੍ਰਿੜ੍ਹਤਾ-ਲਗਨ-ਅਨੁਸ਼ਾਸਨ ਤੇ ਲਗਾਤਾਰ ਮਿਹਨਤ ਦੇ ਦਮ 'ਤੇ ਹੀ ਇਹ ਪ੍ਰਾਪਤੀ ਸੰਭਵ ਹੋ ਪਾਈ ਹੈ।ਪਹਿਲਵਾਨ ਖਿਡਾਰੀਆਂ ਦੇ ਪਿੰਡ ਆਉਣ 'ਤੇ ਕੁਸ਼ਤੀ ਅਖਾੜਾ ਧੂੜਕੋਟ ਰਣਸੀਂਹ ਦੀ ਦੇਖ ਰੇਖ ਕਰਦੀ ਪਿੰਡ ਕਮੇਟੀ ਨੇ ਇਸ ਮੌਕੇ ਇੱਕ ਸਾਦਾ ਪਰ ਪ੍ਰਭਾਵਸ਼ਾਲੀ ਸਮਾਗਮ ਕੀਤਾ, ਜਿਸ ਵਿੱਚ ਕਮੇਟੀ ਮੈਂਬਰਾਂ ਸਮੇਤ ਪਿੰਡ ਦੇ ਪਤਵੰਤੇ ਸੱਜਣ ਸ਼ਾਮਲ ਹੋਏ। ਅਖਾੜਾ ਕਮੇਟੀ ਦੇ ਅਤੇ ਮੋਗਾ ਕੁਸ਼ਤੀ ਐਸੋਸੀਏਸ਼ਨ ਦੇ ਪ੍ਰਧਾਨ ਡਾਕਟਰ ਹਰਗੁਰਪਰਤਾਪ ਸਿੰਘ ਦੀਪ ਹਸਪਤਾਲ਼ ਵਾਲਿਆਂ ਨੇ ਕਿਹਾ ਕਿ ਅਖਾੜੇ ਦੀ ਇਸ ਸ਼ਾਨਦਾਰ ਪ੍ਰਾਪਤੀ ਪਿੱਛੇ ਕੋਚ ਜਗਦੀਪ ਸਿੰਘ (ਜੱਗੂ ਕੋਚ) ਦਾ ਪ੍ਰਮੁੱਖ ਯੋਗਦਾਨ ਹੈ।ਉਨ੍ਹਾਂ ਇਸ ਮੌਕੇ ਕਰਨਲ ਜਗਤਾਰ ਸਿੰਘ ਮੁਲਤਾਨੀ, ਸ੍ਰੀ ਨਵੀਨ ਤਯਾਲ ਰਾਮਪੁਰਾ ਫੂਲ, ਜੈਲਾ ਧੂਰਕੋਟ ਇੰਟਰਨੈਸ਼ਨਲ ਖੇਡ ਪ੍ਰਮੋਟਰ, ਪਹਿਲਵਾਨ ਜਗਦੇਵ ਸਿੰਘ ਕਨੇਡਾ, ਪਹਿਲਵਾਨ ਬਸੰਤ ਸਿੰਘ ਸੈਦੋਕੇ ਇੰਗਲੈਂਡ, ਪਹਿਲਵਾਨ ਰੂਪ ਸਿੰਘ ਸੈਦੋਕੇ, ਸ਼੍ਰੀ ਜਗਮੋਹਨ ਸਿੰਘ ਮਨੀਲਾ, ਕੈਪਟਨ ਸੁਖਮੰਦਰ ਸਿੰਘ ਭਾਗੀਕੇ, ਮਾਸਟਰ ਜੋਗਿੰਦਰ ਸਿੰਘ, ਮਾਸਟਰ ਸਾਧੂ ਸਿੰਘ ਬਰਾੜ, ਹਰਚੰਦ ਸਿੰਘ ਵਿਕਰਾਜ ਪੈਲੇਸ, ਸ਼੍ਰੀ ਜਗਜੀਤ ਸਿੰਘ ਮਾਣੂੰਕੇ, ਚਮਕੌਰ ਸਿੰਘ ਘੋਲੀਆ, ਡਾਕਟਰ ਮਨਪ੍ਰੀਤ ਸਿੰਘ ਅਪੋਲੋ, ਸ੍ਰੀ ਗੁਰਪ੍ਰੀਤ ਦੀਦਾਰੇਵਾਲ਼ਾ ਦਾ ਅਖਾੜੇ ਨੂੰ ਆਰਥਿਕ ਪੱਖੋਂ ਸਹਿਯੋਗ ਕਰਨ 'ਤੇ ਧੰਨਵਾਦ ਕੀਤਾ।

ਸ਼ਹੀਦ ਪ੍ਰਿਥੀਪਾਲ ਸਿੰਘ ਦੀ ਬਰਸੀ ਮਨਾਉਣ ਦੀਆਂ ਤਿਆਰੀਆਂ ਸੰਬੰਧੀ ਮੀਟਿੰਗ

ਬੁਢਲਾਡਾ (ਅਸ਼ੋਕ ਲਾਕੜਾ)

ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ (ਧਨੇਰ) ਜਥੇਬੰਦੀ ਦੀ ਬਲਾਕ ਪੱਧਰੀ ਮੀਟਿੰਗ ਪਾਤਸ਼ਾਹੀ ਨੌਵੀਂ ਗੁਰਦੁਆਰਾ ਸਾਹਿਬ ਵਿਖੇ ਬਲਾਕ ਪ੍ਰਧਾਨ ਬਲਦੇਵ ਸਿੰਘ ਪਿਪਲੀਆਂ ਦੀ ਪ੍ਰਧਾਨਗੀ ਹੇਠ ਕੀਤੀ ਗਈ, ਜਿਸ ਵਿੱਚ ਕੁਲਰੀਆਂ ਵਿਖੇ ਚੱਲ ਰਹੇ ਜ਼ਮੀਨ ਮੋਰਚੇ ਦੌਰਾਨ 11 ਅਕਤੂਬਰ ਨੂੰ ਜ਼ਮੀਨ ਬਚਾਓ ਮੋਰਚੇ ਦੇ ਸ਼ਹੀਦ ਪ੍ਰਿਥੀਪਾਲ ਸਿੰਘ ਚੱਕ ਅਲੀਸ਼ੇਰ ਦੀ 14ਵੀ ਬਰਸੀ ਧੂਮਧਾਮ ਨਾਲ ਭਾਰੀ ਇੱਕਠ ਕਰਕੇ ਮਨਾਈ ਜਾ ਰਹੀ ਹੈ, ਉਸ ਦੀ ਤਿਆਰੀ ਸਬੰਧੀ ਸਾਰੇ ਵਰਕਰਾਂ ਦੀਆਂ ਡਿਊਟੀਆਂ ਲਾਈਆਂ ਗਈਆਂ ਹਨ, ਜਿਨ੍ਹਾਂ ਵਿੱਚ ਪੋਸਟਰਾਂ ਦੀ ਵੰਡ ਤੋਂ ਇਲਾਵਾ ਪਿੰਡਾਂ ਵਿੱਚੋਂ ਦੁੱਧ ਤੇ ਲੰਗਰ ਦੀ ਸਪਲਾਈ ਨੂੰ ਯਕੀਨੀ ਬਣਾਉਣ ਲਈ 20 ਵਰਕਰਾਂ ਦੀਆਂ ਡਿਊਟੀਆਂ ਲਾਈਆਂ ਗਈਆਂ।ਮੀਟਿੰਗ ਨੂੰ ਸੰਬੋਧਨ ਕਰਦਿਆਂ ਸੂਬਾ ਕਮੇਟੀ ਮੈਂਬਰ ਕੁਲਵੰਤ ਸਿੰਘ ਕਿਸ਼ਨਗੜ੍ਹ ਨੇ ਦੱਸਿਆ ਕਿ ਗਰੀਬ ਕਿਸਾਨੀ ਦੀਆਂ ਜਮੀਨਾਂ ਬਚਾਉਂਦੇ ਹੋਏ ਸ਼ਹੀਦ ਪ੍ਰਿਥੀਪਾਲ ਸਿੰਘ ਚੱਕ ਅਲੀਸ਼ੇਰ 14 ਸਾਲ ਪਹਿਲਾਂ ਪਿੰਡ ਬੀਰੋਕੇ ਖੁਰਦ ਵਿਖੇ ਆੜਤੀਆਂ ਵੱਲੋਂ ਕਰਾਈ ਜਾ ਰਹੀ ਕੁਰਕੀ ਤੇ ਨਿਲਾਮੀ ਦੇ ਵਿਰੋਧ ਵਿੱਚ ਆਪਣੀ ਸ਼ਹਾਦਤ ਦੇ ਗਏ ਸਨ।ਅੱਜ ਵੀ ਸਰਕਾਰਾਂ ਵੱਲੋਂ ਵੱਖ-ਵੱਖ ਢੰਗਾਂ ਨਾਲ ਕਿਸਾਨਾਂ ਦੀਆਂ ਜ਼ਮੀਨਾਂ 'ਤੇ ਹਮਲੇ ਕੀਤੇ ਜਾ ਰਹੇ ਹਨ।ਪਿੰਡ ਕੁੱਲਰੀਆਂ ਦੇ ਵਿੱਚ ਕਾਸ਼ਤਕਾਰ ਕਿਸਾਨਾਂ ਨੂੰ ਜ਼ਮੀਨ ਤੋਂ ਬੇਦਖ਼ਲ ਕਰਨ ਲਈ ਆਮ ਆਦਮੀ ਪਾਰਟੀ ਦੀ ਸਰਕਾਰ ਅੱਡੀ ਚੋਟੀ ਦਾ ਜ਼ੋਰ ਲਗਾ ਰਹੀ ਹੈ, ਜਿਸ ਦੇ ਵਿਰੋਧ ਵਿੱਚ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਵੱਲੋਂ ਲਗਾਤਾਰ ਮੋਰਚਾ ਜਾਰੀ ਹੈ ਤੇ ਇਹ ਮੋਰਚਾ ਓਨਾ ਸਮਾਂ ਜਾਰੀ ਰੱਖਣ ਦਾ ਐਲਾਨ ਕੀਤਾ ਹੋਇਆ ਹੈ, ਜਿੰਨਾ ਸਮਾਂ ਸਰਕਾਰ ਕਿਸਾਨਾਂ ਦੀ ਜ਼ਮੀਨ ਤੋਂ ਬੇਦਖਲੀ ਬੰਦ ਨਹੀਂ ਕਰਦੀ ਤੇ ਉਨ੍ਹਾਂ ਆਬਾਦਕਾਰ ਕਿਸਾਨਾਂ ਨੂੰ ਮਾਲਕੀ ਦੇ ਹੱਕ ਨਹੀਂ ਦਿੱਤੇ ਜਾਂਦੇ। 11 ਅਕਤੂਬਰ ਨੂੰ ਪੂਰੇ ਜ਼ਿਲ੍ਹੇ ਤੇ ਨਾਲ ਲੱਗਦੇ ਇਲਾਕਿਆਂ ਵਿੱਚੋਂ ਹਜ਼ਾਰਾਂ ਦੀ ਗਿਣਤੀ 'ਚ ਕਿਸਾਨ, ਮਜ਼ਦੂਰ, ਮਰਦ, ਔਰਤਾਂ, ਨੌਜਵਾਨ ਜ਼ਮੀਨ ਬਚਾਓ ਮੋਰਚੇ ਦੇ ਸ਼ਹੀਦ ਨੂੰ ਇਕੱਠੇ ਹੋ ਕੇ ਸ਼ਰਧਾਂਜਲੀ ਅਰਪਿਤ ਕਰਨਗੇ ਤੇ ਜ਼ਮੀਨਾਂ ਦੀ ਰਾਖੀ ਦਾ ਅਹਿਦ ਵੀ ਕੀਤਾ ਜਾਵੇਗਾ।ਮੀਟਿੰਗ ਦੌਰਾਨ ਇਨਕਲਾਬੀ ਰੰਗ ਕਰਮੀ ਭਾਅ ਜੀ ਗੁਰਸ਼ਰਨ ਸਿੰਘ ਜੀ ਦੀ ਜੀਵਨ ਸਾਥਣ ਤੇ ਜਿੰਦਗੀ ਭਰ ਦੱਬੇ ਕੁਚਲੇ ਲੋਕਾਂ ਲਈ ਮੰਚ ਅਤੇ ਰੰਗਮੰਚ ਨੂੰ ਸਮਰਪਿਤ ਜੀਵਨ ਜਿਊਣ ਵਾਲੇ ਸ੍ਰੀਮਤੀ ਕੈਲਾਸ਼ੌਰ ਨੂੰ ਸ਼ਰਧਾ ਦੇ ਫੁੱਲ ਵੀ ਭੇਟ ਕੀਤੇ ਗਏ।

ਸੱਸ ਤੇ ਪਤਨੀ ਦੀ ਕੁੱਟਮਾਰ ਕਰਨ ਦੇ ਦੋਸ਼ ਹੇਠ ਜਵਾਈ ਵਿਰੁੱਧ ਕੇਸ ਦਰਜ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਆਪਸੀ ਮਤਭੇਦਾਂ ਦੇ ਚੱਲਦਿਆਂ ਇੱਕ ਵਿਅਕਤੀ ਵੱਲੋਂ ਖਮਾਣੋਂ ਦੇ ਬਾਜ਼ਾਰ ਵਿੱਚ ਆਪਣੀ ਪਤਨੀ ਅਤੇ ਸੱਸ ਦੀ ਕੁੱਟਮਾਰ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ।ਇੱਕ ਔਰਤ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਦੱਸਿਆ ਕਿ ਉਸਦੀ ਲੜਕੀ ਜੋ ਸ਼ਾਦੀਸ਼ੁਦਾ ਹੈ, ਦੇ ਪਤੀ ਨਾਲ ਉਨਾਂ ਦੇ ਕੁਝ ਮਤਭੇਦ ਚੱਲਦੇ ਹਨ ਤੇ ਬੀਤੇ ਦਿਨ ਉਹ ਆਪਣੀ ਲੜਕੀ ਦੇ ਨਾਲ ਖਮਾਣੋਂ ਦੇ ਇੱਕ ਨਿੱਜੀ ਹਸਪਤਾਲ 'ਚੋਂ ਦਵਾਈ ਲੈਣ ਲਈ ਆਈਆਂ ਸਨ।ਸ਼ਿਕਾਇਤਕਰਤਾ ਨੇ ਦੋਸ਼ ਲਾਏ ਕਿ ਉਸਦੇ ਜਵਾਈ ਰਾਜਵਿੰਦਰ ਸਿੰਘ ਵੱਲੋਂ ਉਸਦੀ ਤੇ ਉਸਦੀ ਲੜਕੀ ਦੀ ਬਾਜ਼ਾਰ ਵਿੱਚ ਕੁੱਟਮਾਰ ਕੀਤੀ ਗਈ, ਜੋ ਲੋਕਾਂ ਦਾ ਇਕੱਠ ਹੁੰਦਾ ਦੇਖ ਕੇ ਮੌਕੇ ਤੋਂ ਭੱਜ ਗਿਆ। ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਰਾਜਵਿੰਦਰ ਸਿੰਘ ਵਾਸੀ ਪਿੰਡ ਅਮਰਾਲਾ ਵਿਰੁੱਧ 115, 118 (1) ਬੀ.ਐਨ.ਐਸ. ਤਹਿਤ ਮੁਕੱਦਮਾ ਦਰਜ ਕਰਕੇ ਥਾਣਾ ਖਮਾਣੋਂ ਦੀ ਪੁਲਸ ਵੱਲੋਂ ਮਾਮਲੇ ਦੀ ਤਫ਼ਤੀਸ਼ ਕੀਤੀ ਜਾ ਰਹੀ ਹੈ।

ਅੱਜ ਪਤਾ ਲੱਗੇਗਾ ਕਿਸ ਦੇ ਸਿਰ ਸਜੇਗਾ ਜਿੱਤ ਦਾ ਤਾਜ

ਸਿਰਸਾ (ਸੁਰਿੰਦਰ ਪਾਲ ਸਿੰਘ)

ਐਸਪੀ ਵਿਕਰਾਂਤ ਭੂਸ਼ਣ ਦਾ ਕਹਿਣਾ ਸੀ ਕਿ ਪਿਛਲੇ ਦਿਨੀਂ ਸਿਰਸਾ ਵਿਧਾਨ ਸਭਾ ਸੀਟ ਦੇ ਕਾਂਗਰਸੀ ਉਮੀਦਵਾਰ ਗੋਕੁਲ ਸੇਤੀਆ ਤੇ ਗੋਪਾਲ ਕਾਂਡਾ ਦੇ ਸਮਰਥਕਾਂ ਦੇ ਆਹਮੋ-ਸਾਹਮਣੇ ਹੋਣ 'ਤੇ ਸਥਿਤੀ ਨੂੰ ਸ਼ਾਂਤ ਕਰਨ ਲਈ ਪੁਲਸ ਨੂੰ ਹਲਕੀ ਤਾਕਤ ਦੀ ਵਰਤੋਂ ਕਰਨੀ ਪਈ। ਐਸਪੀ ਵਿਕਰਾਂਤ ਭੂਸ਼ਣ ਨੇ ਕਿਹਾ ਕਿ ਇਸ ਮਾਮਲੇ 'ਚ ਸ਼ਾਮਲ ਲੋਕਾਂ ਦੀ ਪਛਾਣ ਕੀਤੀ ਜਾ ਰਹੀ ਹੈ।ਗੋਕੁਲ ਸੇਤੀਆ ਨੇ ਦੋਸ਼ ਲਾਇਆ ਕਿ 6 ਵਜੇ ਤੋਂ ਬਾਅਦ ਵੀ ਬੂਥ ਦਾ ਗੇਟ ਖੁੱਲ੍ਹਾ ਰੱਖਿਆ ਗਿਆ ਤੇ ਗੋਪਾਲ ਕਾਂਡਾ ਦੇ ਬੰਦੇ ਅੰਦਰ ਬੈਠੇ ਪੈਸੇ ਵੰਡ ਰਹੇ ਸੀ ਤੇ ਪੋਲਿੰਗ ਬੂਥ ਦੇ ਅੰਦਰ ਖੁੱਲ੍ਹੇਆਮ ਵੋਟਾਂ ਖਰੀਦੀਆਂ ਜਾ ਰਹੀਆਂ ਸਨ।ਉਨ੍ਹਾਂ ਦੋਸ਼ ਲਾਇਆ ਕਿ 6 ਵਜੇ ਤੋਂ ਬਾਅਦ ਵੀ ਪੋਲਿੰਗ ਬੂਥ ਦਾ ਗੇਟ ਖੁੱਲ੍ਹਾ ਰੱਖਿਆ ਗਿਆ ਅਤੇ ਪੈਸੇ ਵੰਡੇ ਗਏ।ਸੇਤੀਆਂ ਨੇ ਕਿਹਾ ਕਿ ਅਸੀਂ ਸੋਚਿਆ ਸੀ ਕਿ ਸਾਰੇ ਬੂਥ ਸ਼ਾਮ 6 ਵਜੇ ਬੰਦ ਹੋ ਜਾਣਗੇ, ਪਰ ਸਾਨੂੰ ਨਹੀਂ ਪਤਾ ਸੀ ਕਿ ਇਸ ਤੋਂ ਬਾਅਦ ਧਾਂਦਲੀ ਸ਼ੁਰੂ ਹੋ ਜਾਵੇਗੀ। ਦੂਜੇ ਪਾਸੇ ਕਾਂਡਾਂ ਭਰਾਵਾਂ ਨੇ ਕਿਹਾ ਕਿ ਸੇਤੀਆ ਨੇ ਧੱਕਾ ਕੀਤਾ ਹੈ ਅਜਿਹਾ ਕੁਝ ਨਹੀਂ ਸੀ। ਕਾਂਗਰਸੀ ਉਮੀਦਵਾਰ ਗੋਕੁਲ ਸੇਤੀਆ ਨੇ ਗੋਪਾਲ ਕਾਂਡਾ, ਗੋਬਿੰਦ ਕਾਂਡਾ ਤੇ ਉਨ੍ਹਾਂ ਦੇ ਪੁੱਤਰ ਨੂੰ ਚੁਣੌਤੀ ਦਿੰਦੇ ਹੋਏ ਕਿਹਾ ਕਿ ਜੋ ਕਰਨਾ ਹੈ, ਉਹ ਆਪ ਅੱਗੇ ਆ ਕੇ ਕਰਨ। ਬਾਅਦ ਵਿਚ ਗੋਕੁਲ ਸੇਤੀਆ ਨੇ ਸਥਿਤੀ ਨੂੰ ਸੰਭਾਲਦੇ ਕਿਹਾ ਕਿ ਮੈਂ ਸਿਰਸਾ ਦੇ ਲੋਕਾਂ ਤੋਂ ਮੁਆਫੀ ਮੰਗਦਾ ਹਾਂ, ਉਥੇ ਜੋ ਵੀ ਹੋਇਆ,ਉਹ ਸਾਡੀ ਮਜਬੂਰੀ ਸੀ।

ਚੋਣ ਕਮਿਸ਼ਨ ਦੀ ਵੋ

8-Oct-PAGE-8.qxd 10/7/2024 10:35 PM Page 1

ਦੂਜੇ ਦਿਨ ਵੀ ਟੈਂਕੀ 'ਤੇ ਡਟੇ ਰਹੇ ਆਦਰਸ਼ ਤੇ ਅਨਮੋਲ

ਨੰਗਲ (ਸੁਰਜੀਤ ਸਿੰਘ) ਈ ਟੀ ਟੀ ਟੈਟ ਪਾਸ ਬੇਰੁਜ਼ਗਾਰ 5994 ਅਧਿਆਪਕ ਯੂਨੀਅਨ ਪੰਜਾਬ ਦੇ ਦੋ ਨੌਜਵਾਨ ਆਦਰਸ਼ ਅਬੋਹਰ ਤੇ ਅਨਮੋਲ ਬੱਲੂਆਣਾ ਦੂਜੇ ਦਿਨ ਵੀ ਟੈਂਕੀ 'ਤੇ ਡਟੇ ਰਹੇ।ਦੋਨੋਂ ਜੁਝਾਰੂ ਸਾਥੀ ਇਸ ਮੰਗ 'ਤੇ ਅੜੇ ਹੋਏ ਹਨ ਕਿ ਜਦੋਂ ਤੱਕ ਜੁਆਇਨਿੰਗ ਨਹੀ ਹੋ ਜਾਂਦੀ, ਉਦੋਂ ਤੱਕ ਉਹ ਟੈਂਕੀ ਤੋਂ ਨੀਚੇ ਨਹੀ ਉਤਰਨਗੇ।ਇਸ ਦੇ ਨਾਲ ਹੀ 29 ਸਤੰਬਰ ਤੋਂ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਪਿੰਡ ਗੰਭੀਰਪੁਰ ਵਿਖੇ ਸ਼ੁਰੂ ਕੀਤਾ ਰੋਸ ਧਰਨਾ ਅੱਠਵੇਂ ਦਿਨ ਵੀ ਜਾਰੀ ਰਿਹਾ।ਐਤਵਾਰ ਨੂੰ ਐਸ ਡੀ ਐਮ ਸ੍ਰੀ ਅਨੰਦਪੁਰ ਸਾਹਿਬ, ਤਹਿਸੀਲਦਾਰ ਤੇ ਐਸ ਐਚ ਓ ਟੈਂਕੀ ਮੋਰਚੇ ਵਾਲੀ ਥਾਂ 'ਤੇ ਪਹੁੰਚੇ, ਜੋ ਆਗੂਆਂ ਨੂੰ ਵੱਖ-ਵੱਖ ਭਰੋਸੇ ਦਿੰਦੇ ਰਹੇ ਪਰ ਆਗੂਆਂ ਨੇ ਕਿਹਾ ਕਿ ਅਸੀਂ ਪਿਛਲੇ ਡੇਢ ਸਾਲ ਤੋਂ ਤੁਹਾਡੇ ਭਰੋਸਿਆਂ ਕਰਕੇ ਹੀ ਸਕੂਲਾਂ ਵਿੱਚ ਜੁਆਇਨ ਨਹੀ ਕਰ ਸਕੇ।ਇਸ ਮੌਕੇ ਸੂਬਾ ਕਮੇਟੀ ਮੈਂਬਰ ਬੱਗਾ ਖੁਡਾਲ, ਪਰਮਪਾਲ ਫਾਜ਼ਿਲਕਾ, ਬੰਟੀ ਕੰਬੋਜ, ਬਲਿਹਾਰ ਸਿੰਘ, ਕੁਲਵਿੰਦਰ ਬਰੇਟਾ, ਡਾ. ਪਰਵਿੰਦਰ ਸਿੰਘ ਲਾਹੌਰੀਆ, ਹਰੀਸ਼ ਫਾਜਿਲਕਾ ਅਤੇ ਪ੍ਰਗਟ ਬੋਹਾ ਨੇ ਦੱਸਿਆ ਕਿ ਟੈਂਕੀ ਵਾਲੀ ਥਾਂ 'ਤੇ ਪਹੁੰਚ ਰਹੇ ਪ੍ਰਸ਼ਾਸ਼ਨਿਕ ਅਧਿਕਾਰੀ ਸ਼ਰਤਾਂ ਰੱਖ ਰਹੇ ਹਨ, ਜੋ ਯੂਨੀਅਨ ਨੂੰ ਮਨਜੂਰ ਨਹੀ ਹਨ। ਉਨ੍ਹਾਂ ਆਖਿਆ ਕਿ ਜਦੋਂ ਵੀ ਯੂਨੀਅਨ ਵੱਲੋਂ ਕੋਈ ਵੱਡਾ ਐਕਸ਼ਨ ਕੀਤਾ ਜਾਂਦਾ ਹੈ ਤਾਂ ਨਾਲ ਦੀ ਨਾਲ ਹੀ ਪ੍ਰਸ਼ਾਸ਼ਨਿਕ ਅਧਿਕਾਰੀਆਂ ਵੱਲੋਂ ਮੰਗਾਂ ਮੰਨੇ ਜਾਣ ਦਾ ਝੂਠਾ ਭਰੋਸਾ ਦੇ ਕੇ ਸ਼ਾਂਤ ਕਰਵਾ ਦਿੱਤਾ ਜਾਂਦਾ ਹੈ ਪਰ ਬਾਅਦ ਵਿੱਚ ਕੰਮ ਨਾ ਕਰਕੇ ਡੰਗ ਟਪਾਇਆ ਜਾਂਦਾ ਹੈ। ਬਿਲਕੁਲ ਉਸੇ ਤਰਾਂ ਹੁਣ ਵੀ ਪ੍ਰਸ਼ਾਸ਼ਨਿਕ ਅਧਿਕਾਰੀ ਇਹੀ ਸ਼ਰਤ ਰੱਖ ਰਹੇ ਹਨ ਕਿ ਪਹਿਲਾਂ ਟੈਂਕੀ ਉਪਰ ਚੜ੍ਹੇ ਨੌਜਵਾਨਾਂ ਨੂੰ ਨੀਚੇ ਉਤਾਰਿਆ ਜਾਵੇ ਤਾਂ ਉਸ ਤੋਂ 10 ਮਿੰਟ ਬਾਅਦ ਹੀ ਸਪੋਰਟਸ ਕੈਟਾਗਰੀ ਅਤੇ ਐਕਸ ਸਰਵਿਸ ਮੈਨ ਕੈਟਾਗਰੀ ਦੀਆਂ ਲਿਸਟਾਂ ਜਾਰੀ ਕਰ ਦਿੱਤੀਆਂ ਜਾਣਗੀਆਂ। ਆਗੂਆਂ ਨੇ ਆਖਿਆ ਕਿ ਹੁਣ ਸਾਨੂੰ ਇਨ੍ਹਾਂ ਅਧਿਕਾਰੀਆਂ ਦੀਆਂ ਗੱਲਾਂ 'ਤੇ ਭਰੋਸਾ ਨਹੀ ਰਿਹਾ। ਪਿਛਲੇ ਡੇਢ ਸਾਲ ਤੋਂ ਇਹੀ ਅਧਿਕਾਰੀ ਭਰੋਸਾ ਦਿੰਦੇ ਆ ਰਹੇ ਹਨ ਪਰ ਅਜੇ ਤੱਕ ਸਾਨੂੰ ਜੁਆਇਨ ਨਹੀ ਕਰਵਾਇਆ ਗਿਆ।ਟੈਂਕੀ ਉਪਰ ਡਟੇ ਹੋਏ ਸਾਥੀਆਂ ਨੇ ਚਿਤਾਵਨੀ ਭਰੇ ਲਹਿਜੇ ਵਿੱਚ ਕਿਹਾ ਕਿ ਜੇਕਰ ਸਰਕਾਰ ਨੇ ਜਲਦ ਤੋਂ ਜਲਦ ਸਟੇਸ਼ਨ ਚੋਣ ਦਾ ਪੋਰਟਲ ਖੋਲ੍ਹ ਕੇ ਸਟੇਸ਼ਨ ਚੋਣ ਨਾ ਕਰਵਾਈ ਅਤੇ ਸਕੂਲਾਂ ਵਿੱਚ ਜੁਆਇਨ ਨਾ ਕਰਵਾਇਆ ਤਾਂ ਉਹ ਆਪਣੇ ਆਪ ਨੂੰ ਅੱਗ ਲਗਾ ਕੇ ਆਤਮਦਾਹ ਕਰਨ ਲੈਣਗੇ। ਜਿਸ ਦਾ ਜਿੰਮੇਵਾਰ ਸਿੱਧੇ ਤੌਰ 'ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਸਕੂਲੀ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਸਮੇਤ ਲੋਕਲ ਪ੍ਰਸਾਸਨ ਹੋਵੇਗਾ। ਆਗੂਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਪਹਿਲੀ ਲਿਸਟ ਵਿਚ ਚੁਣੇ ਗਏ 2468 ਉਮੀਦਵਾਰਾਂ ਨੂੰ ਜੁਆਇਨ ਕਰਵਾਇਆ ਜਾਵੇ, ਸਪੋਰਟਸ ਤੇ ਐਕਸ ਸਰਵਿਸ ਮੈਨ ਕੈਟਾਗਰੀ ਦੀ ਲਿਸਟ ਜਾਰੀ ਜਾਵੇ ਅਤੇ ਬੈਕਲਾਗ ਵਾਲੇ ਸਾਥੀਆਂ ਦਾ ਪ੍ਰੋਸੈਸ ਆਰੰਭ ਕੀਤਾ ਜਾਵੇ।ਈਟੀਟੀ 5994 ਯੂਨੀਅਨ ਦੇ ਨੁਮਾਇੰਦਿਆਂ ਨੇ ਸ਼ਾਮ 4 ਵਜੇ ਨੰਗਲ ਹਾਈਵੇਅ ਦੇ ਕਿਨਾਰਿਆਂ 'ਤੇ ਬੈਠ ਕੇ ਪੰਜਾਬ ਸਰਕਾਰ ਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਖਿਲਾਫ ਜੋਰਦਾਰ ਨਾਅਰੇਬਾਜੀ ਕੀਤੀ। ਇਸ ਦੌਰਾਨ ਉਮੀਦਵਾਰਾਂ ਨੇ ਰਾਹਗੀਰਾਂ ਨੂੰ ਸਰਕਾਰ ਦੀਆਂ ਡੰਗ ਟਪਾਊ ਨੀਤੀਆਂ ਬਾਰੇ ਵੀ ਜਾਣੂ ਕਰਵਾਇਆ।

ਮਹਿੰਦਰ ਭਗਤ ਨੇ ਸਤਿਗੁਰੂ ਕਬੀਰ ਮੰਦਰ 'ਚ ਮੱਥਾ ਟੇਕਿਆ

ਜਲੰਧਰ (ਸ਼ੈਲੀ ਐਲਬਰਟ)-: ਪੰਜਾਬ ਦੇ ਸੁਤੰਤਰਤਾ ਸੈਨਾਨੀ, ਰਕਸ਼ਾ ਵਿਭਾਗ ਅਤੇ ਬਾਗਬਾਨੀ ਮੰਤਰੀ ਪੰਜਾਬ ਮਹਿੰਦਰ ਭਗਤ ਨੇ ਸਤਿਗੁਰੂ ਕਬੀਰ ਮੰਦਰ ਬਸਤੀ ਬਾਵਾ ਖੇਲ ਵਿਖੇ ਮੱਥਾ ਟੇਕਿਆ ਅਤੇ ਸਤਿਗੁਰੂ ਕਬੀਰ ਮਹਾਰਾਜ ਦਾ ਆਸ਼ੀਰਵਾਦ ਲਿਆ। ਸਤਿਗੁਰੂ ਕਬੀਰ ਮੰਦਰ ਪ੍ਰਬੰਧਕ ਕਮੇਟੀ ਨੇ ਉਨ੍ਹਾਂ ਦਾ ਸਨਮਾਨ ਕੀਤਾ। ਮਹਿੰਦਰ ਭਗਤ ਨੇ ਕਬੀਰ ਮਹਾਰਾਜ ਦੇ ਜੀਵਨ ਅਤੇ ਸਿੱਖਿਆਵਾਂ ਬਾਰੇ ਦੱਸਿਆ।ਉਨ੍ਹਾਂ ਸਤਿਗੁਰੂ ਕਬੀਰ ਮਹਾਰਾਜ ਦੀ ਮਹਿਮਾ ਦਾ ਗੁਣਗਾਨ ਕੀਤਾ।ਉਨ੍ਹਾਂ ਕਿਹਾ ਕਿ ਸਤਿਗੁਰੂ ਕਬੀਰ ਮਹਾਰਾਜ ਦੀ ਲਗਾਤਾਰ ਅਰਾਧਨਾ ਕਰਨ ਨਾਲ ਤਨ ਅਤੇ ਮਨ ਪਵਿੱਤਰ ਹੁੰਦਾ ਹੈ।ਇਸ ਮੌਕੇ ਅਰੁਣ ਸੰਦਲ, ਪ੍ਰੋਫੈਸਰ ਰਾਜ ਕੁਮਾਰ ਭਗਤ, ਰਾਜੇਸ਼ ਭਗਤ, ਰਾਕੇਸ਼ ਭਗਤ, ਅਕਾਸ਼ ਭਗਤ, ਟਿੰਕਾ ਭਗਤ ਅਤੇ ਕਮੇਟੀ ਦੇ ਹੋਰ ਮੈਂਬਰ ਹਾਜ਼ਰ ਸਨ।

ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਨ ਨੇਤਨਯਾਹੂ ਦੀ ਅਰਥੀ ਫੂਕੀ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓਮ ਪ੍ਰਕਾਸ਼ ਰਾਣਾ)-ਇੱਥੇ ਸ਼ਹੀਦ ਸਾਥੀ ਚੰਨਣ ਸਿੰਘ ਧੂਤ ਭਵਨ ਹੁਸ਼ਿਆਰਪੁਰ ਵਿਖੇ ਸੀ ਪੀ ਆਈ (ਐਮ) ਅਤੇ ਸੀ ਪੀ ਆਈ ਦੇ ਸਾਥੀਆਂ ਵਲੋਂ ਵੱਡਾ ਇਕੱਠ ਕੀਤਾ ਗਿਆ।ਇਸ ਇਕੱਠ ਦੀ ਅਗਵਾਈ ਸੀ ਪੀ ਆਈ (ਐਮ) ਦੇ ਜ਼ਿਲ੍ਹਾ ਸਕੱਤਰ ਸਾਥੀ ਗੁਰਨੇਕ ਸਿੰਘ ਭੱਜਲ ਅਤੇ ਸੀ ਪੀ ਆਈ ਦੇ ਜ਼ਿਲ੍ਹਾ ਕੌਂਸਲ ਦੇ ਸਕੱਤਰ ਸਾਥੀ ਅਮਰਜੀਤ ਸਿੰਘ ਨੇ ਕੀਤੀ।ਸਾਥੀ ਪਾਰਟੀ ਦਫਤਰ ਤੋਂ ਬੈਂਜਾਮਨ ਨਿਤਨਯਾਹੂ ਪ੍ਰਧਾਨ ਮੰਤਰੀ ਇਜ਼ਰਾਈਲ ਦੀ ਅਰਥੀ ਚੁੱਕ ਕੇ ਸਾਮਰਾਜ ਵਿਰੋਧੀ, ਇਜ਼ਰਾਈਲ ਵਿਰੋਧੀ ਅਤੇ ਫਲਸਤੀਨ ਦੇ ਲੋਕਾਂ ਨਾਲ ਇਕਮੁੱਠਤਾ ਦੇ ਨਾਅਰੇ ਮਾਰਦੇ ਹੋਏ ਡਾ. ਭੀਮ ਰਾਓ ਅੰਬੇਡਕਰ ਚੌਕ ਵਿੱਚ ਪਹੁੰਚੇ, ਜਿਥੇ ਜਾ ਕੇ ਉਹਨਾਂ ਨੇ ਪ੍ਰਧਾਨ ਮੰਤਰੀ ਇਜ਼ਰਾਈਲ ਦਾ ਪੁਤਲਾ ਫੂਕਿਆ।ਇਸ ਮੌਕੇ ਸਾਥੀ ਮਹਿੰਦਰ ਕੁਮਾਰ ਬਢੋਆਣ ਨੇ ਆਪਣੇ ਵਿਚਾਰ ਪੇਸ਼ ਕੀਤੇ। ਸੀ ਪੀ ਆਈ (ਐਮ) ਦੇ ਸੂਬਾ ਕਮੇਟੀ ਮੈਂਬਰ ਸਾਥੀ ਗੁਰਮੇਸ਼ ਸਿੰਘ ਨੇ ਇਜ਼ਰਾਈਲ ਵਲੋਂ ਗਾਜਾ ਪੱਟੀ ਉਪਰ ਇਕ ਸਾਲ ਤੋਂ ਲਗਾਤਾਰ ਫਲਸਤੀਨੀਆਂ ਦੀ ਨਸਲਕੁਸ਼ੀ ਕਰਨ ਦੀ ਨਿਖੇਧੀ ਕੀਤੀ।ਉਹਨਾਂ ਕਿਹਾ ਕਿ ਅਮਰੀਕਾ ਅਤੇ ਯੂਰਪ ਦੀ ਸ਼ਹਿ ਤੇ ਪ੍ਰਧਾਨਮੰਤਰੀ ਨਿਤਨਯਾਹੂ ਹਸਪਤਾਲਾਂ, ਸਕੂਲਾਂ ਅਤੇ ਰਿਹਾਇਸ਼ੀ ਥਾਵਾਂ ਤੇ ਹਮਲੇ ਕਰਕੇ ਬੱਚਿਆਂ ਅਤੇ ਔਰਤਾਂ ਦਾ ਕਤਲੇਆਮ ਕਰ ਰਿਹਾ ਹੈ। ਉਹਨਾਂ ਨੇ ਕਿਹਾ ਕਿ ਇਹ ਕਤਲੇਆਮ ਤੁਰੰਤ ਬੰਦ ਹੋਣਾ ਚਾਹੀਦਾ ਹੈ। ਅਸੀਂ ਫਲਸਤੀਨ ਦੇ ਲੋਕਾਂ ਨਾਲ ਡੱਟ ਕੇ ਖੜੇ ਹਾਂ। ਇਸ ਮੌਕੇ ਸੀ.ਪੀ.ਆਈ.(ਐਮ) ਦੇ ਸਾਥੀ ਸੰਤੋਖ ਸਿੰਘ ਭੀਲੋਵਾਲ, ਮਹਿੰਦਰ ਸਿੰਘ ਭੀਲੋਵਾਲ, ਚੌਧਰੀ ਅੱਛਰ ਸਿੰਘ, ਜਸਪ੍ਰੀਤ ਸਿੰਘ ਭੱਜਲ, ਇੰਦਰਪਾਲ ਸਿੰਘ ਅਤੇ ਪਰਸਨ ਸਿੰਘ, ਗੁਰਮੇਲ ਸਿੰਘ, ਬਲਵਿੰਦਰ ਸਿੰਘ ਅਤੇ ਸੀ.ਪੀ.ਆਈ. ਵਲੋਂ ਸਾਥੀ ਪੂਰਨ ਸਿੰਘ, ਰਾਮ ਬਾਬੂ, ਕਿਸ਼ਨ ਚੰਦ ਸ਼ਰਮਾ, ਗੁਰਮੁੱਖ ਸਿੰਘ ਤੇ ਕ੍ਰਿਸ਼ਨਾ ਦੇਵੀ ਆਦਿ ਹਾਜ਼ਰ ਸਨ।ਸਾਥੀ ਗੁਰਨੇਕ ਸਿੰਘ ਭੱਜਲ ਨੇ ਆਏ ਹੋਏ ਸਾਥੀਆਂ ਦਾ ਧੰਨਵਾਦ ਕੀਤਾ।

ਲਾਇਲਪੁਰ ਖਾਲਸਾ ਕਾਲਜ ਦੇ ਐੱਨ ਸੀ ਸੀ ਵਿਭਾਗ ਵੱਲੋਂ 3 ਦਿਨਾ ਕੈਂਪ

ਜਲੰਧਰ (ਇਕਬਾਲ ਸਿੰਘ ਉਭੀ)- ਲਾਇਲਪੁਰ ਖਾਲਸਾ ਕਾਲਜ ਲੜਕੀਆਂ ਦੇ ਐੱਨ ਸੀ ਸੀ ਵਿਭਾਗ ਨੇ ਮਨੁੱਖੀ ਸਰੋਤ ਮੰਤਰਾਲੇ ਅਤੇ ਕਰਨਲ ਐੱਮ ਐੱਸ ਸਚਦੇਵ ਦੀ ਯੋਗ ਅਗਵਾਈ ਹੇਠ ਸਵੱਛ ਭਾਰਤ ਦਿਵਸ ਮਨਾਉਣ ਲਈ 3 ਦਿਨਾਂ ਕੈਂਪ ਦਾ ਆਯੋਜਨ ਕੀਤਾ। ਸੈਕਿੰਡ ਪੰਜਾਬ ਲੜਕੀਆਂ ਬਟਾਲੀਅਨ ਐਨ ਐਸ ਐਸ ਦੇ ਕਰਨਲ ਐਮ ਐਸ ਸਚਦੇਵ ਅਤੇ ਏ ਐਨ ਓ ਲੈਫਟੀਨੈਂਟ (ਡਾ.) ਰੁਪਾਲੀ ਰਾਜਦਾਨ ਦੀ ਦੇਖ-ਰੇਖ ਵਿੱਚ।ਇਹ ਕੈਂਪ 23, 24 ਅਤੇ 1 ਅਕਤੂਬਰ ਨੂੰ ਲਗਾਇਆ ਗਿਆ।ਜਿਸ ਵਿੱਚ ਕਾਲਜ ਦੇ ਅਹਾਤੇ ਵਿੱਚ ਅਤੇ ਆਲੇ ਦੁਆਲੇ, ਸਲੋਗਨ ਲਿਖਣਾ, ਸਵੱਛਤਾ ਅਭਿਆਨ, ਕੂੜੇ ਤੋਂ ਕਲਾ ਜਿਸ ਵਿੱਚ ਕੈਡਿਟਾਂ ਨੇ ਗੱਤੇ ਤੋਂ ਮਾਸਕ ਬਣਾਏ ਅਤੇ ਐਨ ਐਸ ਐਸ ਦੇ ਨਾਲ ਇੱਕ ਸਾਂਝੀ ਰੈਲੀ ਦਾ ਆਯੋਜਨ ਕੀਤਾ ਗਿਆ।ਪ੍ਰਿੰਸੀਪਲ ਡਾ ਨਵਜੋਤ ਨੇ ਵਿਭਾਗ ਅਤੇ ਕੈਡਿਟਾਂ ਵੱਲੋਂ ਕੀਤੇ ਉਪਰਾਲੇ ਦੀ ਸ਼ਲਾਘਾ ਕੀਤੀ।

ਸ਼ਹਿਰ 'ਚ ਅਮਨ-ਕਾਨੂੰਨ ਨੂੰ ਯਕੀਨੀ ਬਣਾਉਣ ਲਈ ਪੁਲਸ ਵੱਲੋਂ ਵਿਸ਼ੇਸ਼ ਨਾਕਾਬੰਦੀ

ਜਲੰਧਰ (ਇਕਬਾਲ ਸਿੰਘ ਉਭੀ)- ਸਵਪਨ ਸ਼ਰਮਾ, ਆਈ.ਪੀ.ਐਸ ਪੁਲਿਸ ਕਮਿਸ਼ਨਰ ਦੇ ਦਿਸ਼ਾ-ਨਿਰਦੇਸ਼ਾਂ ਤਹਿਤ, ਕਮਿਸ਼ਨਰੇਟ ਪੁਲਸ ਵੱਲੋਂ ਤਿਉਹਾਰਾਂ ਦੇ ਸੀਜ਼ਨ ਅਤੇ ਆਗਾਮੀ ਗ੍ਰਾਮ ਪੰਚਾਇਤ ਚੋਣਾਂ ਦੌਰਾਨ ਅਮਨ-ਕਾਨੂੰਨ ਨੂੰ ਯਕੀਨੀ ਬਣਾਉਣ ਲਈ ਸ਼ਹਿਰ ਅੰਦਰ ਵਿਸ਼ੇਸ਼ ਨਕਾਬਬੰਦੀ ਕੀਤੀ ਗਈ।ਇਸ ਨਾਕਾਬੰਦੀ ਦਾ ਮਕਸਦ ਅਮਨ-ਕਾਨੂੰਨ ਨੂੰ ਬਣਾਈ ਰੱਖਣਾ ਸ਼ੱਕੀ ਵਿਅਕਤੀਆਂ ਦੀ ਕਾਰਵਾਈ 'ਤੇ ਨਜ਼ਰ ਰੱਖਣਾ ਅਤੇ ਟ੍ਰੈਫਿਕ ਨਿਯਮਾਂ ਨੂੰ ਲਾਗੂ ਕਰਨਾ ਸੀ।ਵਿਆਪਕ ਨਕਾਬੰਦੀ ਅਪ੍ਰੇਸ਼ਨ: ਕਮਿਸ਼ਨਰੇਟ ਪੁਲਿਸ ਨੇ ਤਿਉਹਾਰਾਂ ਦੇ ਸੀਜ਼ਨ ਅਤੇ ਆਗਾਮੀ ਗ੍ਰਾਮ ਪੰਚਾਇਤ ਚੋਣਾਂ 2024 ਦੌਰਾਨ ਅਮਨ-ਕਾਨੂੰਨ ਨੂੰ ਯਕੀਨੀ ਬਣਾਉਣ ਲਈ ਸ਼ਹਿਰ ਦੇ 19 ਨਾਜ਼ੁਕ ਪੁਆਇੰਟਾਂ 'ਤੇ ਵਿਸ਼ੇਸ਼ ਨਕਾਬੰਦੀ ਕੀਤੀ।ਇਸ ਅਪ੍ਰੇਸ਼ਨ ਦੀ ਨਿਗਰਾਨੀ ਹਲਕਾ ਜੀ ਓਜ਼ ਅਤੇ ਥਾਣਾ ਮੁਖੀਆਂ ਦੁਆਰਾ ਕਮਿਸ਼ਨਰੇਟ ਪੁਲਸ, ਜਲੰਧਰ ਦੀ ਐਮਰਜੈਂਸੀ ਰਿਸਪਾਂਸ ਸਿਸਟਮ ਟੀਮ ਦੇ ਸਹਿਯੋਗ ਨਾਲ ਚਲਾਈ ਗਈ।

ਸਾਲਾਨਾ ਬਰਸੀ ਸਮਾਗਮ 22, 23 ਤੇ 24 ਨੂੰ

ਰਾਹੋਂ (ਕੁਲਵਿੰਦਰ ਸਿੰਘ ਰਾਹੋਂ) ਸੰਤ ਬਾਬਾ ਇੰਦਰ ਸਿੰਘ ਮੋਨੀ ਦੀ 84ਵੀਂ ਬਰਸੀ ਬੜੀ ਸ਼ਰਧਾ ਨਾਲ ਪਿੰਡ ਛੋਕਰਾਂ 22, 23 ਅਤੇ 24 ਅਕਤੂਬਰ ਨੂੰ ਧੂਮ-ਧਾਮ ਨਾਲ ਮਨਾਈ ਜਾਵੇਗੀ। ਜਿਸ ਵਿੱਚ 22 ਅਕਤੂਬਰ ਦਿਨ ਮੰਗਲਵਾਰ ਨੂੰ ਆਖੰਡ ਪਾਠ ਆਰੰਭ ਕੀਤੇ ਜਾਣਗੇ ਅਤੇ ਨਗਰ ਕੀਰਤਨ ਸਜਾਇਆ ਜਾਵੇਗਾ ਜੋ ਕਿ ਪਿੰਡ ਛੋਕਰਾ, ਕੋਟ ਰਾਂਝਾ, ਪੱਲੀਆ ਖੁਰਦ, ਪੱਲੀਆ ਕਲਾ ਅਤੇ ਬਰਸੀ ਬਾਬਾ ਸ਼ਾਹ ਅਲੀ ਵਿੱਚੋਂ ਹੁੰਦਾ ਹੋਇਆ ਕੁਟੀਆ ਛੋਕਰਾਂ ਵਿਖੇ ਸਮਾਪਤ ਹੋਵੇਗਾ 23 ਅਕਤੂਬਰ ਦਿਨ ਬੁੱਧਵਾਰ ਸੰਤ ਸਮਾਗਮ ਹੋਵੇਗਾ, ਜਿਸ ਵਿੱਚ ਆਏ ਮਹਾਪੁਰਸ਼ ਆਪਣੇ ਵਚਨਾਂ ਨਾਲ ਸੰਗਤਾ ਨਿਹਾਲ ਕਰਨਗੇ। 24 ਅਕਤੂਬਰ ਦਿਨ ਵੀਰਵਾਰ ਆਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ ਅਤੇ ਅਟਾਰੀ ਵਾਲਿਆਦਾ ਰਾਗੀ ਜਥਾ, ਲੁਧਿਆਣੇ ਵਾਲਿਆ ਰਾਗੀ ਜੱਥਾ, ਰਿਸਵਲੇ ਵਲਿਆ ਅਤੇ ਸੁਖਵਿੰਦਰ ਸਿੰਘ ਅਨਮੋਲ ਦਾ ਢਾਡੀ ਜੱਥਾ ਸੰਗਤਾਂ ਨੂੰ ਗੁਰ ਸ਼ਬਦ ਦੇ ਨਾਲ ਜੋੜਨਗੇ।

ਦੇਸੀ ਹਥਿਆਰਾਂ ਸਮੇਤ ਤਿੰਨ ਕਾਬੂ

ਜਲੰਧਰ (ਸ਼ੈਲੀ ਐਲਬਰਟ) ਪੁਲਸ ਕਮਿਸ਼ਨਰ ਸਵਪਨ ਸ਼ਰਮਾ ਦੀ ਅਗਵਾਈ ਹੇਠ ਜਲੰਧਰ ਕਮਿਸ਼ਨਰੇਟ ਪੁਲਸ ਨੇ ਲੁੱਟਾਂ-ਖੋਹਾਂ ਕਰਨ ਵਾਲੇ ਗਿਰੋਹ ਦਾ ਪਰਦਾਫਾਸ਼ ਕਰਦਿਆਂ ਤਿੰਨ ਮੁਲਜ਼ਮਾਂ ਨੂੰ ਦੇਸੀ ਹਥਿਆਰਾਂ ਸਮੇਤ ਕਾਬੂ ਕੀਤਾ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਪੁਲਸ ਕਮਿਸ਼ਨਰ ਨੇ ਦੱਸਿਆ ਕਿ ਤਿੰਨ ਵਿਅਕਤੀ ਇੱਕ ਦੁਕਾਨ ਵਿੱਚ ਦਾਖਲ ਹੋਏ ਅਤੇ ਦੁਕਾਨ ਦੇ ਕਰਮਚਾਰੀ ਨੂੰ ਮਾਰੂ ਹਥਿਆਰਾਂ ਖੰਡੇ ਅਤੇ ਦੇਸੀ ਪਿਸਤੌਲ ਦਿਖਾ ਕੇ ਧਮਕੀਆਂ ਦਿੱਤੀਆਂ ਅਤੇ ਕੁੱਟਮਾਰ ਕੀਤੀ।ਉਨ੍ਹਾਂ ਦੱਸਿਆ ਕਿ ਐਫਆਈਆਰ ਨੰਬਰ 190, ਮਿਤੀ 04.10.2024, ਅਧੀਨ 115(2), 333, 351(1)(3), 191(3), 190 ਬੀ.ਐਨ.ਐਸ., 25/27-54-59 ਅਸਲਾ ਐਕਟ, ਪੁਲਸ ਤਿੰਨਾਂ ਵਿਅਕਤੀਆਂ ਖਿਲਾਫ ਥਾਣਾ ਡਿਵੀਜ਼ਨ ਨੰਬਰ 8 ਜਲੰਧਰ ਵਿਖੇ ਪਰਚਾ ਦਰਜ ਕੀਤਾ ਗਿਆ ਹੈ।ਸਵਪਨ ਸ਼ਰਮਾ ਨੇ ਦੱਸਿਆ ਕਿ ਪੁਲਸ ਨੇ ਤਫਤੀਸ਼ ਦੌਰਾਨ ਮੁਲਜ਼ਮਾਂ ਦੀ ਪਛਾਣ ਕਰਨ ਯਾਦਵ ਪੁੱਤਰ ਰਾਮੂ ਯਾਦਵ ਵਾਸੀ ਪਿੰਡ ਮੀਰਗੰਜ, ਜ਼ਿਲ੍ਹਾ ਸਿਵਾਨ, ਤਾਨਾ ਮੀਰਗੰਜ, ਬਿਹਾਰ, ਜੋ ਕਿ ਹੁਣ ਮੁਬਾਰਕਪੁਰ ਸ਼ੇਖਾਂ ਜ਼ਿਲ੍ਹਾ ਜਲੰਧਰ, ਗੁਰਪ੍ਰਤਾਪ ਸਿੰਘ ਪੁੱਤਰ ਗੁਰਦੀਪ ਸਿੰਘ ਵਜੋਂ ਹੋਈ ਹੈ। ਰਿਤੇਕੇਸ਼ ਕੁਮਾਰ ਉਰਫ ਸੂਰਜ ਵਾਸੀ ਪਿੰਡ ਹਾਜੀਪੁਰ, ਪੀ ਐਸ ਵੈਸ਼ਲੀ, ਬਿਹਾਰ, ਹੁਣ ਜੈਨ ਦਾ ਵੇਹਰਾ, ਗਦੈਪੁਰ, ਜਲੰਧਰ।ਪੁਲਸ ਕਮਿਸ਼ਨਰ ਨੇ ਦੱਸਿਆ ਕਿ ਪੁਲਸ ਨੇ ਇਨ੍ਹਾਂ ਪਾਸੋਂ ਇੱਕ ਦੇਸੀ ਪਿਸਤੌਲ ਸਮੇਤ ਮੈਗਜ਼ੀਨ ਅਤੇ ਦੋ ਖੰਡੇ (ਚਾਕੂ) ਅਤੇ ਇੱਕ ਐਕਟਿਵਾ ਸਕੂਟਰ ਨੰਬਰ ਪੀ.ਬੀ.08-ਈਕਯੂ-8067 ਬਰਾਮਦ ਕੀਤਾ ਹੈ।ਉਨ੍ਹਾਂ ਕਿਹਾ ਕਿ ਕਰਨ ਖ਼ਿਲਾਫ਼ ਚਾਰ, ਗੁਰਪ੍ਰਤਾਪ ਖ਼ਿਲਾਫ਼ ਇੱਕ ਐਫ ਆਈ ਆਰ ਪੈਂਡਿੰਗ ਹੈ ਅਤੇ ਰਿਤੇਕੇਸ਼ ਦਾ ਅਜੇ ਤੱਕ ਕੋਈ ਅਪਰਾਧਿਕ ਰਿਕਾਰਡ ਨਹੀਂ ਲੱਭਿਆ ਹੈ।ਸਵਪਨ ਸ਼ਰਮਾ ਨੇ ਕਿਹਾ ਕਿ ਮਾਮਲੇ ਦੀ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ ਅਤੇ ਵੇਰਵੇ ਬਾਅਦ ਵਿੱਚ ਸਾਂਝੇ ਕੀਤੇ ਜਾਣਗੇ।

ਸ੍ਰੀ ਗੁਰੂ ਰਾਮਦਾਸ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਾਲਾਨਾ ਸਮਾਗਮ 11 ਨੂੰ

ਮੋਹਟੀਆਨਾ (ਜਗਤਾਰ ਸਿੰਘ ਭੁੰਗਰਨੀ) ਪਿੰਡ ਪੁਰਹੀਰਾਂ ਵਿਖੇ ਜਲੰਧਰ ਤੋਂ ਚੰਡੀਗੜ੍ਹ ਜੀ ਟੀ ਰੋਡ 'ਤੇ ਸਥਿ

8-Oct-PAGE-9.qxd 10/7/2024 10:30 PM Page 1

ਮੰਡੀਆਂ 'ਚੋਂ ਝੋਨਾ ਨਾ ਚੁੱਕਣ ਨੂੰ ਲੈ ਕੇ ਸੰਯੁਕਤ ਕਿਸਾਨ ਮੋਰਚੇ ਨੇ ਕੀਤਾ ਰੋਸ ਪ੍ਰਦਰਸ਼ਨ

ਮਾਹਿਲਪੁਰ (ਸ.ਫਰੀ)-ਕਿਸਾਨ ਮੋਰਚੇ ਵੱਲੋਂ ਸੂਬਾਈ ਆਗੂ ਦਰਸ਼ਨ ਸਿੰਘ ਮੱਟੂ, ਬੀਬੀ ਸੁਭਾਸ਼ ਮੱਟੂ, ਗੁਰਨੇਕ ਸਿੰਘ ਭੱਜਲ ਅਤੇ ਅੱਛਰ ਸਿੰਘ ਦੀ ਅਗਵਾਈ ਹੇਠ ਦਾਣਾ ਮੰਡੀ ਗੜ੍ਹਸ਼ੰਕਰ ਵਿਖੇ ਝੋਨੇ ਦੀ ਹੋ ਰਹੀ ਬੇਕਦਰੀ ਅਤੇ ਲਿਫਟਿੰਗ ਦਾ ਪ੍ਰਬੰਧ ਹੋਣ ਕਾਰਨ ਸਰਕਾਰ ਖ਼ਿਲਾਫ਼ ਪ੍ਰਦਰਸ਼ਨ ਕੀਤਾ ਗਿਆ।ਜਿਸ ਵਿੱਚ ਵੱਡੀ ਗਿਣਤੀ ਵਿੱਚ ਕਿਸਾਨਾਂ ਨੇ ਪਹੁੰਚ ਕੇ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ।ਇਸ ਮੌਕੇ ਆਗੂਆਂ ਨੇ ਕਿਹਾ ਕਿ ਮੰਡੀਆਂ ਵਿੱਚ ਝੋਨੇ ਦੇ ਅੰਬਾਰ ਲੱਗੇ ਹੋਏ ਹਨ ਪਰ ਸਰਕਾਰ ਵੱਲੋਂ ਨਾ ਤਾਂ ਝੋਨੇ ਦੀ ਖਰੀਦ ਦੇ ਪੁਖਤਾ ਪ੍ਰਬੰਧ ਕੀਤੇ ਗਏ ਹਨ ਅਤੇ ਨਾ ਹੀ ਝੋਨੇ ਦੀ ਲਿਫਟਿੰਗ ਨੂੰ ਲੈਕੇ ਸਰਕਾਰ ਗੰਭੀਰ ਨਜ਼ਰ ਆ ਰਹੀ ਹੈ।ਜਿਸ ਨਾਲ ਕਿਸਾਨ ਮੰਡੀਆਂ ਵਿੱਚ ਖੱਜਲ ਖੁਆਰ ਹੋ ਰਹੇ ਹਨ।ਉਨ੍ਹਾਂ ਕਿਹਾ ਕਿ ਪਿਛਲੇ ਇਕ ਹਫਤੇ ਤੋਂ ਮੰਡੀਆਂ ਵਿੱਚ ਝੋਨੇ ਦੇ ਅੰਬਾਰ ਲੱਗੇ ਹੋਏ ਹਨ ਅਤੇ ਉਪਰੋਂ ਖਰਾਬ ਮੌਸਮ ਕਾਰਨ ਕਿਸਾਨਾਂ ਦੀ ਚਿੰਤਾ ਵੱਧ ਰਹੀ ਹੈ।ਉਕਤ ਆਗੂਆਂ ਨੇ ਮੰਗ ਕੀਤੀ ਕਿ ਜੇਕਰ ਸਰਕਾਰ ਨੇ ਜਲਦ ਝੋਨੇ ਦੇ ਖਰੀਦ ਪ੍ਰਬੰਧਾਂ ਨੂੰ ਦਰੁਸਤ ਕਰਕੇ ਝੋਨੇ ਨੂੰ ਮੰਡੀਆਂ ਵਿੱਚੋਂ ਚੁੱਕਣ ਦੇ ਪੁਖਤਾ ਪ੍ਰਬੰਧ ਨਾ ਕੀਤੇ ਤਾਂ ਕਿਸਾਨਾਂ ਵੱਲੋਂ ਸਮੂਹ ਜਥੇਬੰਦੀਆਂ ਦੇ ਨਾਲ ਵੱਡੀ ਪੱਧਰ 'ਤੇ ਸੰਘਰਸ਼ ਕੀਤਾ ਜਾਵੇਗਾ।ਇਸ ਮੌਕੇ ਬਖਸ਼ੀਸ਼ ਸਿੰਘ, ਪ੍ਰੇਮ ਰਾਣਾ, ਸਤਨਾਮ ਸਿੰਘ, ਰਜਿੰਦਰ ਸਿੰਘ, ਜੁਝਾਰ ਸਿੰਘ, ਗੁਰਦੇਵ ਸਿੰਘ, ਨਰਿੰਦਰ, ਇੰਦਰਜੀਤ ਸਿੰਘ, ਜੱਸਾ ਅਤੇ ਗੋਪਾਲ ਥਾਂਦੀ ਆਦਿ ਹਾਜ਼ਰ ਸਨ।

ਸ਼ਹੀਦ ਬਾਬਾ ਮਤੀ ਜੀ ਵਿਖੇ ਖੰਡਾ ਸੁਸ਼ੋਭਿਤ

ਆਦਮਪੁਰ (ਪਰਮਜੀਤ ਸਿੰਘ)-ਹਲਕਾ ਆਦਮਪੁਰ ਵਿੱਚ ਪੇਂਡੂ ਯੂਨੀਵਰਸਿਟੀ ਸੰਤ ਬਾਬਾ ਭਾਗ ਸਿੰਘ ਬਣਾਉਣ ਵਾਲੇ ਚਾਨਣ ਮਨਾਰੇ 108 ਬ੍ਰਹਮ ਗਿਆਨੀ ਬਾਬਾ ਦਿਲਾਵਰ ਸਿੰਘ ਬ੍ਰਹਮ ਜੀ ਦੀ ਯਾਦ ਨੂੰ ਸਮਰਪਿਤ ਗੁਰਦੁਆਰਾ ਸ਼ਹੀਦ ਬਾਬਾ ਮਤੀ ਡਰੋਲੀ ਕਲਾਂ ਵਿਖੇ ਇੱਕ ਸ਼ਾਨਦਾਰ ਸਮਾਰਕ ਤਿਆਰ ਕੀਤਾ ਗਿਆ ਹੈ, ਜਿਸ ਉੱਤੇ ਸੰਗਤਾਂ ਦੀ ਅਗਵਾਈ ਹੇਠ ਸਟੀਲ ਦਾ ਬਣਾਇਆ ਖੰਡਾ ਸੁਸ਼ੋਭਿਤ ਕੀਤਾ ਗਿਆ ਹੈ।ਪ੍ਰਧਾਨ ਜਥੇਦਾਰ ਮਨੋਹਰ ਸਿੰਘ ਡਰੋਲੀ ਕਲਾਂ ਨੇ ਦੱਸਿਆ ਕਿ ਇਲਾਕੇ ਦੀਆਂ ਸੰਗਤਾਂ ਦੀ ਸ਼ਰਧਾ ਨੂੰ ਸਮਰਪਿਤ ਬਾਬਾ ਦਿਲਾਵਰ ਸਿੰਘ ਦੇ ਬਣੇ ਸਮਾਰਕ ਉੱਤੇ ਕਰੀਬ ਤਿੰਨ ਕੁਇੰਟਲ 40 ਕਿਲੋ ਦਾ ਸਟੀਲ ਦਾ ਖੰਡਾ ਲਗਾਇਆ ਗਿਆ ਹੈ।

ਇਸ ਮੌਕੇ ਡੇਰਾ ਸੰਤਪੁਰਾ ਜੱਬੜ ਦੇ ਗੱਦੀ ਨਸ਼ੀਨ ਸੰਤ ਬਾਬਾ ਜਨਕ ਸਿੰਘ, ਬਾਬਾ ਮਨਮੋਹਨ ਸਿੰਘ ਸਮੇਤ ਡੇਰਿਆਂ ਤੋਂ ਸੰਤ ਮਹਾਂਪੁਰਸ਼ਾਂ ਦੀ ਅਗਵਾਈ ਹੇਠ ਅਰਦਾਸ ਬੇਨਤੀ ਕਰਕੇ ਸੰਗਤਾਂ ਦੀ ਹਾਜ਼ਰੀ ਵਿੱਚ ਇਸ ਖੰਡੇ ਨੂੰ ਤਿਆਰ ਕੀਤੇ ਸਮਾਰਕ ਉੱਤੇ ਸੁਸ਼ੋਭਿਤ ਕੀਤਾ ਗਿਆ ਹੈ।ਪ੍ਰਧਾਨ ਨੇ ਦੱਸਿਆ ਇਹ ਸਮਾਰਕ ਵਿਸਾਖੀ ਤੋਂ ਪਹਿਲਾਂ ਪੂਰਾ ਤਿਆਰ ਕੀਤਾ ਜਾਵੇਗਾ। ਇਸ ਮੌਕੇ ਕਮੇਟੀ ਮੈਂਬਰ ਸਮੇਤ ਪਿੰਡ ਵਾਸੀ ਜਿਨ੍ਹਾਂ ਵਿੱਚ ਬੀਰਪਾਲ ਸਿੰਘ, ਦਰਸ਼ਨ ਸਿੰਘ, ਜਰਨੈਲ ਸਿੰਘ, ਨਰਿੰਦਰ ਸਿੰਘ, ਇਕਬਾਲ ਸਿੰਘ, ਸੁਰਿੰਦਰ ਸਿੰਘ, ਕਰਮ ਸਿੰਘ, ਮਨਦੀਪ ਸਿੰਘ, ਮਨਪ੍ਰੀਤ ਸਿੰਘ ਸੋਨੂ, ਕਮਲਜੀਤ ਸਿੰਘ, ਗੁਰਜੀਤ ਸਿੰਘ ਹਾਜ਼ਰ ਹੋਏ।

ਰਾਜ ਚੋਣ ਕਮਿਸ਼ਨ ਨੇ ਜਗਤਪੁਰਾ ਗ੍ਰਾਮ ਪੰਚਾਇਤ ਦੀ ਚੋਣ ਪ੍ਰਕਿਰਿਆ ਨੂੰ ਕੀਤਾ ਮੁਅੱਤਲ

ਐਸ.ਏ.ਐਸ.ਨਗਰ, (ਗੁਰਜੀਤ ਬਿੱਲਾ)-ਰਾਜ ਚੋਣ ਕਮਿਸ਼ਨ ਪੰਜਾਬ ਵੱਲੋਂ ਮੋਹਾਲੀ ਸਬ ਡਵੀਜ਼ਨ ਦੀ ਗ੍ਰਾਮ ਪੰਚਾਇਤ ਜਗਤਪੁਰਾ ਦੀਆਂ ਚੋਣਾਂ ਸਬੰਧੀ ਚੱਲ ਰਹੀ ਪ੍ਰਕਿਰਿਆ ਨੂੰ ਮੁਅੱਤਲ ਕਰਨ ਸਬੰਧੀ ਜਾਰੀ ਹੁਕਮਾਂ ਦੀ ਪਾਲਣਾ ਕਰਦਿਆਂ ਜ਼ਿਲ੍ਹਾ ਚੋਣ ਅਫ਼ਸਰ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਆਸ਼ਿਕਾ ਜੈਨ ਨੇ ਐਸ.ਡੀ.ਐਮ.-ਕਮ- ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰ, ਮੋਹਾਲੀ ਨੂੰ ਰਿਟਰਨਿੰਗ ਅਫ਼ਸਰ ਅਤੇ ਐਸ.ਏ.ਐਸ. ਨਗਰ/ਗੁਰੂ ਨਾਨਕ ਕਲੋਨੀ ਨਿਵਾਸੀਆਂ ਸਮੇਤ ਸਬੰਧਤ ਧਿਰਾਂ ਨੂੰ ਇਸ ਫੈਸਲੇ ਤੋਂ ਜਾਣੂ ਕਰਵਾਉਣ ਲਈ ਕਿਹਾ ਹੈ।ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਵਧੀਕ ਡਿਪਟੀ ਕਮਿਸ਼ਨਰ-ਕਮ-ਵਧੀਕ ਜ਼ਿਲ੍ਹਾ ਚੋਣ ਅਫ਼ਸਰ, ਪੰਚਾਇਤੀ ਚੋਣਾਂ, ਸੋਨਮ ਚੌਧਰੀ ਨੇ ਦੱਸਿਆ ਕਿ ਰਾਜ ਚੋਣ ਕਮਿਸ਼ਨ, ਪੰਜਾਬ ਦੇ ਹੁਕਮਾਂ ਅਨੁਸਾਰ ਐਸ.ਡੀ.ਐਮ.-ਕਮ-ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰ, ਐਸ.ਏ.ਐਸ.ਨਗਰ (ਮੋਹਾਲੀ) ਨੂੰ ਗੁਰੂ ਨਾਨਕ ਕਲੋਨੀ ਦੇ ਵੋਟਰਾਂ ਨੂੰ ਬਾਹਰ ਕਰਕੇ ਗਰਾਮ ਪੰਚਾਇਤ ਜਗਤਪੁਰਾ ਲਈ ਕਾਨੂੰਨ ਅਨੁਸਾਰ ਬਣਦੀ ਕਾਰਵਾਈ ਕਰਕੇ ਨਵੀਂ ਵੋਟਰ ਸੂਚੀ ਤਿਆਰ ਕਰਨ ਦੇ ਨਿਰਦੇਸ਼ ਦਿੱਤੇ ਹਨ। ਆਦੇਸ਼ ਵਿੱਚ ਅੱਗੇ ਲਿਖਿਆ ਗਿਆ ਹੈ, ਕਿਉਂਕਿ ਰਾਜ ਵਿੱਚ ਗ੍ਰਾਮ ਪੰਚਾਇਤਾਂ ਦੀਆਂ ਆਮ ਚੋਣਾਂ ਲਈ ਚੋਣ ਪ੍ਰੋਗਰਾਮ ਸਮੇਤ 15 ਅਕਤੂਬਰ ਦੇ ਮਤਦਾਨ, ਪਹਿਲਾਂ ਹੀ 25 ਸਤੰਬਰ ਨੂੰ ਘੋਸ਼ਿਤ ਕੀਤਾ ਜਾ ਚੁੱਕਾ ਹੈ ਅਤੇ 27 ਸਤੰਬਰ ਨੂੰ ਨੋਟੀਫਾਈ ਕੀਤਾ ਜਾ ਚੁੱਕਾ ਹੈ, ਉਪਰੋਕਤ ਹੁਕਮਾਂ ਅਨੁਸਾਰ ਗ੍ਰਾਮ ਪੰਚਾਇਤ ਜਗਤਪੁਰਾ ਦੀ ਵੋਟਰ ਸੂਚੀ ਦੀ ਦਰੁਸਤੀ, ਚੋਣ ਪ੍ਰਕਿਰਿਆ ਪੂਰੀ ਹੋਣ ਤੋਂ ਬਾਅਦ ਐਸ.ਡੀ.ਐਮ.-ਕਮ-ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰ, ਐਸ.ਏ.ਐਸ. ਨਗਰ (ਮੋਹਾਲੀ) ਦੁਆਰਾ ਕੀਤੀ ਜਾਵੇ। ਨਾਮਜ਼ਦਗੀ ਭਰਨ ਲਈ ਕੀਤੀਆਂ ਗਈਆਂ ਸਾਰੀਆਂ ਪ੍ਰਕਿਰਿਆਵਾਂ ਨੂੰ ਤੁਰੰਤ ਪ੍ਰਭਾਵ ਨਾਲ ਖਤਮ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਉਪਰੋਕਤ ਹੁਕਮਾਂ ਦੀ ਪਾਲਣਾ ਕਰਦਿਆਂ, ਜਿਸ ਵਿੱਚ ਇਹ ਵੀ ਕਿਹਾ ਗਿਆ ਹੈ, ਨਤੀਜੇ ਵਜੋਂ, ਇਹ ਹਦਾਇਤ ਕੀਤੀ ਜਾਂਦੀ ਹੈ ਕਿ ਗ੍ਰਾਮ ਪੰਚਾਇਤ ਜਗਤਪੁਰਾ, ਤਹਿਸੀਲ ਅਤੇ ਜ਼ਿਲ੍ਹਾ ਐਸ.ਏ.ਐਸ. ਨਗਰ (ਮੋਹਾਲੀ) ਦੀਆਂ ਚੋਣਾਂ 15 ਅਕਤੂਬਰ ਨੂੰ ਨਿਰਧਾਰਤ ਪ੍ਰੋਗਰਾਮ ਦੌਰਾਨ ਗ੍ਰਾਮ ਪੰਚਾਇਤ ਦੀਆਂ ਆਮ ਚੋਣਾਂ ਨਹੀਂ ਕਰਵਾਈਆਂ ਜਾਣਗੀਆਂ, ਪਰ ਕਮਿਸ਼ਨ ਦੁਆਰਾ ਵੱਖਰੇ ਤੌਰ 'ਤੇ ਐਸ.ਡੀ.ਐਮ.-ਕਮ-ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰ, ਐਸ.ਏ.ਐਸ.ਨਗਰ ਦੁਆਰਾ ਉਕਤ ਰਸਮਾਂ ਪੂਰੀਆਂ ਕਰਨ ਤੋਂ ਬਾਅਦ ਵਿੱਚ ਨਵਾਂ ਚੋਣ ਪ੍ਰੋਗਰਾਮ ਅਧਿਸੂਚਿਤ ਕੀਤਾ ਜਾਵੇਗਾ। ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ, ਐਸ.ਏ.ਐਸ. ਨਗਰ (ਮੋਹਾਲੀ) ਗ੍ਰਾਮ ਪੰਚਾਇਤ ਜਗਤਪੁਰਾ ਨਾਲ ਸਬੰਧਤ ਚੋਣ ਪ੍ਰਕਿਰਿਆ ਨੂੰ ਮੁਅੱਤਲ ਕਰਨ ਅਤੇ ਉਪਰੋਕਤ ਹੁਕਮਾਂ ਅਨੁਸਾਰ ਲੋੜੀਂਦੇ ਤਾਲਮੇਲ ਨੂੰ ਯਕੀਨੀ ਬਣਾਉਣਗੇ, ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਗ੍ਰਾਮ ਪੰਚਾਇਤ ਜਗਤਪੁਰਾ ਦੀ ਚੋਣ ਪ੍ਰਕਿਰਿਆ ਨੂੰ ਤੁਰੰਤ ਪ੍ਰਭਾਵ ਨਾਲ ਮੁਅੱਤਲ ਕਰ ਦਿੱਤਾ ਗਿਆ ਹੈ ਅਤੇ ਇਸ ਸਬੰਧੀ ਕਮਿਸ਼ਨ ਵੱਲੋਂ ਤਾਜ਼ਾ ਚੋਣ ਪ੍ਰੋਗਰਾਮ ਬਾਅਦ ਵਿੱਚ ਐਲਾਨਿਆ ਜਾਵੇਗਾ।

ਪੱਤਰਕਾਰ ਰਾਮ ਮੂਰਤੀ ਲਾਲੀ ਦੇ ਪਿਤਾ ਨਮਿਤ ਪਾਠ ਦਾ ਭੋਗ ਤੇ ਅੰਤਿਮ ਅਰਦਾਸ 9 ਨੂੰ

ਫਗਵਾੜਾ (ਜਸਵਿੰਦਰ ਢੱਡਾ,ਕਮਲ ਰਾਏ, ਡਾ. ਰਮਨ)- ਪੱਤਰਕਾਰ ਰਾਮ ਮੂਰਤੀ ਲਾਲੀ ਦੇ ਪਿਤਾ ਸ਼ੰਕਰ ਦਾਸ ਦੱਦਰਾਲ (80) ਜੋ ਬੀਤੇ ਦਿਨੀਂ ਆਪਣੀ ਸੰਸਾਰਿਕ ਯਾਤਰਾ ਪੂਰਨ ਕਰਦੇ ਹੋਏ ਗੁਰੂ ਚਰਨਾਂ ਵਿਚ ਜਾ ਬਿਰਾਜੇ ਹਨ, ਉਹਨਾਂ ਨਮਿਤ ਸਹਿਜ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ ਦੀ ਰਸਮ 9 ਅਕਤੂਬਰ ਨੂੰ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਜੀ, ਪਿੰਡ ਢੱਕ ਪੰਡੋਰੀ ਤਹਿਸੀਲ ਫਗਵਾੜਾ, ਜ਼ਿਲ੍ਹਾ ਕਪੂਰਥਲਾ ਵਿਖੇ ਦੁਪਹਿਰ 12 ਤੋਂ 2 ਵਜੇ ਤੱਕ ਹੋਵੇਗੀ।

ਮੰਢਿਆਣੀ 'ਚ ਟਿਊਬਵੈੱਲ ਤੋਂ ਦੂਸਰੀ ਵਾਰ ਸਾਮਾਨ ਚੋਰੀ

ਬਲਾਚੌਰ (ਜਸਵਿੰਦਰ ਬੈਂਸ) - ਬਲਾਚੌਰ ਦੇ ਨਜ਼ਦੀਕ ਪਿੰਡ ਮੰਢਿਆਣੀ ਵਿਖੇ ਸਿੰਚਾਈ ਵਾਲੇ ਟਿਊਬਵੈਲ ਤੋਂ ਅਣਪਛਾਤੇ ਚੋਰਾਂ ਵਲੋਂ ਕੁਝ ਸਮੇਂ ਦੌਰਾਨ ਹੀ ਦੂਸਰੀ ਵਾਰ ਸਮਾਨ ਚੋਰੀ ਕਰਨ ਦੀ ਖਬਰ ਪ੍ਰਾਪਤ ਹੋਈ ਹੈ। ਪਿੰਡ ਵਾਸੀਆਂ ਜੱਟ ਮਹਾਂ ਸਭਾ ਦੇ ਪ੍ਰਧਾਨ ਮੱਖਣ ਸਿੰਘ ਸਹੋਤਾ, ਰਮਨਦੀਪ ਸਿੰਘ, ਰਾਜ ਕੁਮਾਰ, ਸੁਖਬੀਰ ਸਿੰਘ ਢਿੱਲੋਂ, ਚੰਨਣ ਸਿੰਘ ਆਦਿ ਨੇ ਦੱਸਿਆ ਕਿ ਕੁਝ ਦਿਨ ਪਹਿਲਾਂ ਪਿੰਡ ਵਿਚ ਖੇਤਾਂ ਦੀ ਸਿੰਚਾਈ ਹਿੱਤ ਸਰਕਾਰ ਵਲੋਂ ਲਗਾਏ ਗਏ ਸਰਕਾਰੀ ਟਿਊਬਵੈੱਲ ਤੋਂ ਕੁਝ ਅਣਪਛਾਤੇ ਚੋਰਾਂ ਵਲੋਂ ਕਮਰੇ ਦਾ ਦਰਵਾਜ਼ਾ ਤੋੜ ਕੇ ਕੁਝ ਹੀ ਸਮੇਂ ਦੌਰਾਨ ਦੂਸਰੀ ਵਾਰ ਬਿਜਲੀ ਦੀਆਂ ਤਾਰਾਂ ਅਤੇ ਕੁਝ ਹੋਰ ਸਮਾਨ ਚੋਰੀ ਕਰਨ ਨੂੰ ਅੰਜਾਮ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਬੀਤੀ 27 ਸਤੰਬਰ ਨੂੰ ਪਾਣੀ ਲਗਾ ਕੇ ਟਿਊਬਵੈਲ ਬੰਦ ਕੀਤਾ ਗਿਆ ਸੀ ਉਪਰੰਤ ਕਈ ਦਿਨ ਲੋੜ ਨਾ ਪੈਣ ਕਾਰਨ ਜਦੋਂ ਹੁਣ ਟਿਊਬਵੈਲ ਚਲਾਉਣ ਲਈ ਕਿਸਾਨ ਟਿਊਬਵੈਲ 'ਤੇ ਪਹੁੰਚੇ ਤਾਂ ਚੋਰਾਂ ਵਲੋਂ ਇਸ ਘਟਨਾ ਨੂੰ ਅੰਜਾਮ ਦਿੱਤਾ ਜਾ ਚੁੱਕਿਆ ਸੀ। ਜਿਸ ਉਪਰੰਤ ਥਾਣਾ ਬਲਾਚੌਰ ਦੀ ਪੁਲਸ ਨੂੰ ਸੂਚਿਤ ਕੀਤਾ ਗਿਆ। ਪੁਲਸ ਕਰਮਚਾਰੀਆਂ ਵਲੋਂ ਮੌਕਾ ਵੇਖਣ ਉਪਰੰਤ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ। ਪਿੰਡ ਵਾਸੀਆਂ ਨੇ ਪੁਲਸ ਪ੍ਰਸ਼ਾਸਨ ਤੋਂ ਪੁਰਜੋਰ ਮੰਗ ਕੀਤੀ ਹੈ ਕਿ ਅਜਿਹੇ ਗਲਤ ਅਨਸਰਾਂ ਨੂੰ ਛੇਤੀ ਤੋਂ ਛੇਤੀ ਕਾਬੂ ਕਰਕੇ ਸਖਤ ਤੋਂ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇ ਅਤੇ ਹੋਏ ਨੁਕਸਾਨ ਦੀ ਭਰਭਾਈ ਕਰਵਾਈ ਜਾਵੇ।

ਅਰਬਾਜ਼ ਖਾਨ ਨੇ ਸਿਨੇਪੋਰਟ ਕਲੱਬ ਦਾ ਕੀਤਾ ਉਦਘਾਟਨ

ਜਲੰਧਰ (ਇਕਬਾਲ ਸਿੰਘ ਉੱਭੀ)- ਮਿੱਠਾਪੁਰ ਰੋਡ 'ਤੇ ਪੀ.ਪੀ.ਆਰ. ਮਾਲ ਦੀ ਚੌਥੀ ਮੰਜ਼ਿਲ 'ਤੇ ਸਥਿਤ ਸਿਨੇਪੋਰਟ ਕਲੱਬ ਦਾ ਉਦਘਾਟਨ ਪ੍ਰਸਿੱਧ ਅਭਿਨੇਤਾ ਅਤੇ ਫਿਲਮ ਨਿਰਮਾਤਾ ਅਰਬਾਜ਼ ਖਾਨ ਦੁਆਰਾ ਕੀਤਾ ਗਿਆ । ਸਿਨੇਪੋਰਟ ਕਲੱਬ ਦੇ ਸੰਸਥਾਪਕ ਅਤੇ ਵਿਲੇਜ ਗਰੁੱਪ ਦੇ ਪ੍ਰਧਾਨ ਅਤੇ ਸੀ ਈ ਓ ਦੀਪਕ ਕੁਮਾਰ ਸ਼ਰਮਾ ਨੇ ਦੱਸਿਆ ਕਿ ਸਿਨੇਪੋਰਟ ਕਲੱਬ ਦਾ ਉਦੇਸ਼ ਇੱਕ ਪ੍ਰਮੁੱਖ ਮਨੋਰੰਜਨ ਮੰਜ਼ਿਲ ਬਣਨਾ ਹੈ, ਜਿਸ ਵਿੱਚ ਸਟੈਂਡ-ਅੱਪ ਕਾਮੇਡੀ, ਓਪਨ ਮਾਈਕ, ਲਾਈਵ ਬੈਂਡ, ਅਤੇ ਮੂਵੀ ਨਾਈਟਸ ਵਰਗੀਆਂ ਗਤੀਵਿਧੀਆਂ ਦੀ ਪੇਸ਼ਕਸ਼ ਕੀਤੀ ਜਾਂਦੀ ਹੈ। ਮਨੋਰੰਜਨ ਤੋਂ ਇਲਾਵਾ, ਮਹਿਮਾਨ ਕਈ ਤਰ੍ਹਾਂ ਦੇ ਭੋਜਨ ਵਿਕਲਪਾਂ ਦਾ ਆਨੰਦ ਲੈ ਸਕਦੇ ਹਨ। ਸੇਂਟ ਸੋਲਜਰ ਗਰੁੱਪ ਦੇ ਚੇਅਰਮੈਨ ਅਨਿਲ ਚੋਪੜਾ ਸਾਂਝਾ ਕੀਤਾ ਕਿ ਗੁਰੂਗ੍ਰਾਮ ਵਿੱਚ ਸਿਨੇਪੋਰਟ ਸ਼ਾਖਾਵਾਂ ਦੀ ਸਫਲਤਾ ਨੇ ਜਲੰਧਰ ਵਿੱਚ ਲਾਂਚ ਨੂੰ ਪ੍ਰੇਰਿਤ ਕੀਤਾ, ਜਿਸਦਾ ਟੀਚਾ ਜੀਵੰਤ ਸ਼ਹਿਰ ਲਈ ਇੱਕ ਤਾਜ਼ਾ, ਦਿਲਚਸਪ ਮਨੋਰੰਜਨ ਪਲੇਟਫਾਰਮ ਪ੍ਰਦਾਨ ਕਰਨਾ ਹੈ। ਇਸ ਮੌਕੇ ਸੇਂਟ ਸੋਲਜਰ ਗਰੁੱਪ ਦੇ ਵਾਈਸ ਚੇਅਰਪਰਸਨ ਸੰਗੀਤਾ ਚੋਪੜਾ, ਪ੍ਰਿੰਸ ਚੋਪੜਾ ਅਤੇ ਰਾਜਨ ਚੋਪੜਾ ਹਾਜ਼ਰ ਸਨ ।

ਇਪਟਾ ਵੱਲੋਂ ਕੈਲਾਸ਼ ਕੌਰ ਦੇ ਦੇਹਾਂਤ 'ਤੇ ਦੁੱਖ ਦਾ ਪ੍ਰਗਟਾਵਾ

ਚੰਡੀਗੜ੍ਹ (ਗੁਰਜੀਤ ਬਿੱਲਾ) ਪੰਜਾਬੀ ਰੰਗਮੰਚ ਦੀਆਂ ਪਹਿਲੀਆਂ ਅਦਕਾਰਾਂ 'ਚ ਸ਼ੁਮਾਰ ਅਤੇ ਪੰਜਾਬੀ ਰੰਗਮੰਚ ਦਾ ਮੁਹਾਂਦਰਾ ਬਦਲਣ ਵਾਲੇ ਭਾਅ ਜੀ ਗੁਰਸ਼ਰਨ ਸਿੰਘ ਦੀ ਜੀਵਨ ਸਾਥਣ ਕੈਲਾਸ਼ ਕੌਰ ਦੇ ਦੇਹਾਂਤ 'ਤੇ ਦੁੱਖ ਜ਼ਾਹਿਰ ਕਰਦੇ ਇਪਟਾ ਪੰਜਾਬ ਦੇ ਪ੍ਰਧਾਨ ਨਾਟਕਰਮੀ ਸੰਜੀਵਨ ਸਿੰਘ ਨੇ ਕਿਹਾ ਕਿ ਨੇ ਕਿਹਾ ਕਿ ਜਿੱਥੇ ਕੈਲਾਸ਼ ਕੌਰ ਭਾਅ ਜੀ ਗੁਰਸ਼ਰਨ ਸਿੰਘ ਦੇ ਰੰਗਮੰਚੀ ਸਫ਼ਰ ਵਿਚ ਮੋਢੇ ਨਾਲ ਮੋਢਾ ਡਾਹ ਕੇ ਤੁਰੇ, ਉੱਥੇ ਹੀ ਉਨਾਂ ਆਪਣੀ ਦੋਵੇਂ ਧੀਆਂ ਨਵਸ਼ਰਨ ਤੇ ਅਰੀਤ ਇਸੇ ਵੀ ਰਾਹ ਤੋਰਿਆ। ਲੇਖਕ ਰਿਪੁਦਮਨ ਸਿੰਘ ਰੂਪ, ਇਪਟਾ, ਪੰਜਾਬ ਦੇ ਜਨਰਲ ਸੱਕਤਰ ਇੰਦਰਜੀਤ ਰੂਪੋਵਾਲੀ, ਇਪਟਾ, ਚੰਡੀਗੜ੍ਹ ਦੇ ਪ੍ਰਧਾਨ ਬਲਕਾਰ ਸਿੱਧੂ ਤੇ ਜਨਰਲ ਸੱਕਤਰ ਕਮਲ ਨੈਣ ਸਿੰਘ ਸੋਖੋਂ ਅਤੇ ਰਾਬਿੰਦਰ ਸਿੰਘ ਰੱਬੀ, ਅਮਨ ਭੋਗਲ, ਦਲਬਾਰ ਸਿੰਘ, ਗੁਰਦਿਆਲ ਨਿਰਮਾਣ, ਹਰਜੀਤ ਕੈਂਥ, ਡਾ. ਕੁਲਦੀਪ ਦੀਪ, ਡਾ. ਸੁਰੇਸ਼ ਮਹਿਤਾ, ਗੁਰਵਿੰਦਰ ਸਿੰਘ, ਗੁਰਮੀਤ ਪਾਹੜਾ, ਬਲਬੀਰ ਮੂਦਲ, ਗਮਨੂ ਬਾਂਸਲ, ਪ੍ਰਦੀਪ ਸ਼ਰਮਾ, ਬਿੱਟੂ ਅੌਲਖ, ਡਾ. ਹਰਭਜਨ ਸਿੰਘ, ਨਰਿੰਦਰ ਨੀਨਾ, ਅਸ਼ੋਕ ਪੁਰੀ, ਇੰਦਜੀਤ ਮੋਗਾ ਅਤੇ ਸਰਘੀ ਪ੍ਰੀਵਾਰ ਦੇ ਰੰਗਕਰਮੀ ਰੰਜੀਵਨ ਸਿੰਘ, ਸੰਜੀਵ ਦੀਵਾਨ 'ਕੁੱਕੂ', ਨਰਦਿੰਰ ਨਸਰੀਨ, ਮਨੀ ਸਭਰਵਾਲ ਅਤੇ ਰਿੱਤੂਰਾਗ ਨੇ ਕੈਲਾਸ਼ ਕੋਰ ਦੇ ਪ੍ਰੀਵਾਰ ਨਾਲ ਦੁੱਖ ਪ੍ਰਗਟ ਕਰਦਿਆਂ ਕਿਹਾ ਕਿ ਕੈਲਾਸ਼ ਕੌਰ ਨੇ ਉਨ੍ਹਾਂ ਸਮਿਆਂ ਵਿਚ ਰੰਗਮੰਚ ਕੀਤੀ ਜਿਨ੍ਹਾਂ ਸਮਿਆਂ ਵਿਚ ਪੰਜਾਬੀ ਆਪਣੀਆਂ ਧੀਆ-ਭੈਣਾ ਨੂੰ ਨਾਟਕ ਵਿਚ ਕੰਮ ਕਰਨ ਦੀ ਆਗਿਆ ਨਹੀਂ ਸਨ ਦਿੰਦੇ।ਉਨ੍ਹਾਂ ਕੈਲਾਸ਼ ਕੌਰ ਦੀ ਪੰਜਾਬੀ ਰੰਗਮੰਚ ਲਈ ਦੇਣ ਨੂੰ ਸਲਾਮ ਕੀਤਾ।

ਸ਼ਹੀਦ ਪਰਵਾਰ ਦੀ ਲੜਕੀ ਦੇ ਵਿਆਹ ਲਈ ਸ਼ਗਨ ਰਾਸ਼ੀ ਭੇਟ

**ਅੱਡਾ ਸਰਾਂ (ਜਸਵ

8-OCT-PAGE-10.qxd 10/7/2024 9:28 PM Page 1

ਕੱਪੜੇ ਦੇ ਦੁਕਾਨਦਾਰ ਨੇ ਖੁਦ ਨੂੰ ਮਾਰੀ ਗੋਲੀ, ਹਸਪਤਾਲ ਦਾਖ਼ਲ

ਮੋਗਾ (ਇਕਬਾਲ ਸਿੰਘ ਖਹਿਰਾ)-ਮੋਗਾ ਦੇ ਗੁਰਨਾਨਕ ਮਾਰਕੀਟ 'ਚ ਇੱਕ ਕੱਪੜੇ ਦੇ ਦੁਕਾਨਦਾਰ ਨੇ ਸਵੇਰੇ 10 ਵਜੇ ਦੇ ਕਰੀਬ ਦੁਕਾਨ ਖੋਲ੍ਹ ਕੇ ਦੁਕਾਨ 'ਤੇ ਬੈਠੇ ਆਪਣੇ ਪਿਤਾ ਦੀ ਲਾਇਸੈਂਸੀ ਰਿਵਾਲਵਰ ਨਾਲ ਖੁਦ ਨੂੰ ਗੋਲੀ ਮਾਰ ਲਈ। ਮੌਕੇ 'ਤੇ ਲੋਕਾਂ ਨੇ ਜ਼ਖ਼ਮੀ ਅਭਿਸ਼ੇਕ ਢੀਂਗਰਾ ਨੂੰ ਇਲਾਜ ਲਈ ਮੋਗਾ ਦੇ ਸਿਵਲ ਹਸਪਤਾਲ ਪੁਚਾਇਆ, ਜਿੱਥੇ ਡਾਕਟਰਾਂ ਨੇ ਉਸ ਦੀ ਹਾਲਤ ਨੂੰ ਨਾਜ਼ੁਕ ਦੇਖਦੇ ਹੋਏ ਉਸ ਨੂੰ ਸਰਕਾਰੀ ਹਸਪਤਾਲ ਤੋਂ ਪ੍ਰਾਈਵੇਟ ਹਸਪਤਾਲ ਰੈਫਰ ਕਰ ਦਿੱਤਾ ਗਿਆ। ਮੋਗਾ ਦੇ ਡੀ.ਐਸ.ਪੀ ਸਿਟੀ ਰਵਿੰਦਰ ਸਿੰਘ ਨੇ ਦੱਸਿਆ ਕਿ ਅੱਜ ਸਵੇਰੇ ਕਰੀਬ 10 ਵਜੇ ਮੋਗਾ ਦੇ ਗੁਰਨਾਨਕ ਮਾਰਕੀਟ ਵਿੱਚ ਕੱਪੜੇ ਦੇ ਦੁਕਾਨਦਾਰ ਅਭਿਸ਼ੇਕ ਢੀਂਗਰਾ ਉਮਰ ਕਰੀਬ 37 ਸਾਲ ਨੇ ਆਪਣੇ ਪਿਤਾ ਦੇ ਲਾਇਸੈਂਸੀ ਰਿਵਾਲਵਰ ਨਾਲ ਆਪਣੇ ਆਪ ਨੂੰ ਗੋਲੀ ਮਾਰ ਲਈ ਤੇ ਗੋਲੀ ਉਸਦੇ ਪੇਟ ਵਿੱਚ ਲੱਗੀ ਹੈ। ਉਸਦਾ ਇਲਾਜ ਮੋਗਾ ਦੇ ਇੱਕ ਨਿੱਜੀ ਹਸਪਤਾਲ ਵਿੱਚ ਚਲ ਰਿਹਾ ਹੈ। ਕਾਰਨਾਂ ਬਾਰੇ ਅਜੇ ਤੱਕ ਕੁਝ ਵੀ ਸਾਹਮਣੇ ਨਹੀਂ ਆਇਆ ਹੈ ਅਤੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

ਸਰਬਸੰਮਤੀ ਨਾਲ ਨਵੀਂ ਬਣੀ ਪੰਚਾਇਤ ਨੂੰ ਦਿੱਤੀਆਂ ਵਧਾਈਆਂ

ਸੁਨਾਮ (ਹਾਕਮ ਸਿੰਘ ਭੱਟੀ, ਅਸ਼ੋਕ ਬਾਂਸਲ)-ਜਥੇ: ਗੁਰਪ੍ਰੀਤ ਸਿੰਘ ਲਖਮੀਰਵਾਲਾ ਵੱਲੋਂ ਚੁਣੀ ਸਰਬਸੰਮਤੀ ਨਾਲ ਪੰਚਾਇਤ ਨੂੰ ਵਧਾਈ ਦਿੱਤੀ ਗਈ। ਸਰਪੰਚ ਮਨਿੰਦਰ ਸਿੰਘ ਲਖਮੀਰਵਾਲਾ ਅਤੇ ਅਲੱਗ ਅਲੱਗ ਵਾਰਡ ਵਿੱਚੋਂ ਪੰਚ ਚੁਣੇ ਗਏ। ਜਥੇ: ਲਖਮੀਰਵਾਲਾ ਵੱਲੋਂ ਇਨ੍ਹਾਂ ਪੰਚ ਅਤੇ ਸਰਪੰਚ ਨੂੰ ਸਵੇਰੇ ਗੁਰੂ ਘਰ ਹਾਜ਼ਰੀ ਲਵਾਉਂਦੇ ਹੋਏ ਨਵੀਂ ਬਣੀ ਪੰਚਾਇਤ ਨੂੰ ਵਧਾਈਆਂ ਦਿੱਤੀਆਂ ਤੇ ਆਪਣੇ ਵੱਲੋਂ ਵਿਸ਼ਵਾਸ ਦਿਵਾਇਆ ਕਿ ਮੇਰੀ ਜ਼ਰੂਰਤ ਹੋਵੇਗੀ ਤਾਂ ਬੇਝਿਜਕ ਸੁਨੇਹਾ ਦੇ ਦਿਓ, ਹਾਜ਼ਰ ਹੋਵਾਂਗਾ।

ਪੰਜਾਬ ਪਬਲਿਕ ਸਕੂਲ ਨੇ ਕੀਤੀ ਆਲ ਇੰਡੀਆ ਆਈ ਪੀ ਐੱਸ ਸੀ ਹਾਕੀ ਲੜਕੀਆਂ ਦੀ ਮੇਜ਼ਬਾਨੀ

ਨਾਭਾ (ਵਰਿੰਦਰ ਵਰਮਾ)-ਪੰਜਾਬ ਪਬਲਿਕ ਸਕੂਲ ਤਿੰਨ ਦਿਨਾ ਆਲ ਇੰਡੀਆ ਆਈ.ਪੀ.ਐਸ.ਸੀ. ਹਾਕੀ ਲੜਕੀਆਂ ਅੰਡਰ-19 ਚੈਂਪੀਅਨਸ਼ਿਪ ਦੀ ਮੇਜ਼ਬਾਨੀ ਕਰ ਰਿਹਾ ਹੈ।ਇਸ ਟੂਰਨਾਮੈਂਟ ਵਿੱਚ ਦੇਸ ਦੇ ਪੰਜ ਨਾਮਵਰ ਸਕੂਲਾਂ ਦੀਆਂ ਪੰਜ ਟੀਮਾਂ-ਬਿਰਲਾ ਬਾਲਿਕਾ ਵਿਦਿਆਪੀਠ, ਪਿਲਾਨੀ, ਮੇਓ ਕਾਲਜ ਗਰਲਜ਼ ਸਕੂਲ, ਅਜਮੇਰ, ਮਹਾਰਾਣੀ ਗਾਇਤਰੀ ਦੇਵੀ ਗਰਲਜ਼ ਸਕੂਲ, ਜੈਪੁਰ, ਐਮ.ਐਨ.ਐਸ.ਐਸ, ਰਾਏ ਤੇ ਪੰਜਾਬ ਪਬਲਿਕ ਸਕੂਲ, ਨਾਭਾ ਹਿੱਸਾ ਲੈ ਰਹੀਆਂ ਹਨ। ਟੂਰਨਾਮੈਂਟ ਸਮਾਗਮ ਦਾ ਰਸਮੀ ਉਦਘਾਟਨ ਰਣਬੀਰ ਸਿੰਘ ਖਟੜਾ, ਸਾਬਕਾ ਪੁਲਿਸ ਇੰਸਪੈਕਟਰ ਜਨਰਲ ਅਤੇ ਸਕੂਲ ਦੇ ਸਾਬਕਾ ਵਿਦਿਆਰਥੀ ਦੁਆਰਾ ਕੀਤਾ ਗਿਆ।ਇਸ ਮੌਕੇ ਉਨ੍ਹਾਂ ਕਿਹਾ ਕਿ ਖੇਡਾਂ ਮਨੁੱਖ ਦੇ ਚਰਿੱਤਰ ਨੂੰ ਨਿਖਾਰਨ ਲਈ ਜ਼ਰੂਰੀ ਹਨ।ਇਸ ਮੌਕੇ ਸਕੂਲ ਹੈਡਮਾਸਟਰ ਡਾ. ਡੀ.ਸੀ. ਸ਼ਰਮਾ ਨੇ ਆਏ ਹੋਏ ਮੁੱਖ ਮਹਿਮਾਨ ਨੂੰ ਸਨਮਾਨ ਚਿੰਨ੍ਹ ਭੇਟ ਕਰਦਿਆ ਸਨਮਾਨਤ ਕੀਤਾ ਅਤੇ ਉਨ੍ਹਾਂ ਮੁੱਖ ਮਹਿਮਾਨ ਤੇ ਹੋਰ ਮਹਿਮਾਨ ਸਾਹਿਬਾਂ ਦਾ ਖਿਡਾਰੀਆਂ ਦੀ ਹੌਸਲਾ ਅਫ਼ਜਾਈ ਅਤੇ ਮਾਰਗਦਰਸ਼ਕ ਕਰਨ ਲਈ ਸਮਾਗਮ 'ਚ ਸ਼ਿਰਕਤ ਕਰਨ ਲਈ ਆਪਣੇ ਕੀਮਤੀ ਸਮੇਂ 'ਚੋਂ ਸਮਾਂ ਕੱਢਣ ਲਈ ਧੰਨਵਾਦ ਕੀਤਾ।

ਹਾਰਵਰਡ ਕਾਨਵੈਂਟ ਸਕੂਲ 'ਚ ਅੱਖਾਂ ਦੇ ਚੈੱਕਅੱਪ ਤੇ ਅਪ੍ਰੇਸ਼ਨ ਕੈਂਪ 'ਚ 600 ਤੋਂ ਵੱਧ ਮਰੀਜ਼ ਪਹੁੰਚੇ

ਬਾਘਾਪੁਰਾਣਾ (ਮਨੀ ਸਿੰਗਲਾ)-ਹਾਰਵਰਡ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਵਿਖੇ ਸੰਸਥਾਪਕ ਸਵ: ਜਗਸੀਰ ਸਿੰਘ ਬਰਾੜ (ਜੱਗਾ) ਦੀ ਤੀਜੀ ਸਾਲਾਨਾ ਬਰਸੀ ਨੂੰ ਸਮਰਪਤ ਕਰਕੇ ਦੂਜਾ ਵਿਸ਼ਾਲ ਅੱਖਾਂ ਦਾ ਮੁਫਤ ਚੈੱਕਅਪ ਤੇ ਚਿੱਟੇ ਮੋਤੀਏ ਦਾ ਆਪ੍ਰੇਸ਼ਨ ਕੈਂਪ ਲਾਇਆ ਗਿਆ, ਜਿਸ ਦੀ ਸ਼ੁਰੂਆਤ ਸਵੇਰੇ ਕਰਨ ਉਪਰੰਤ ਬਾਅਦ ਦੁਪਹਿਰ ਤੱਕ ਸਮਾਪਤੀ ਕੀਤੀ ਗਈ।ਕੈਂਪ ਦਾ ਉਦਘਾਟਨ ਡਾ. ਜਗਜੀਤ ਸਿੰਘ ਧੂਰੀ ਪ੍ਰਧਾਨ ਫੈੱਡਰੇਸ਼ਨ ਆਫ਼ ਪ੍ਰਾਈਵੇਟ ਸਕੂਲ ਐਂਡ ਐਸੋਸੀਏਸ਼ਨ ਆਫ ਪੰਜਾਬ ਰਜਿ: (ਫੈਪ) ਵੱਲੋਂ ਕੀਤਾ ਗਿਆ।ਕੈਂਪ ਦੌਰਾਨ ਸ਼ੰਕਰਾ ਆਈ ਹਸਪਤਾਲ ਲੁਧਿਆਣਾ ਦੇ ਮਾਹਿਰ ਡਾਕਟਰਾਂ ਦੀ ਟੀਮ ਦੁਆਰਾ ਲੋੜਵੰਦ ਮਰੀਜਾਂ ਦੀਆਂ ਅੱਖਾਂ ਦਾ ਚੈੱਕਅਪ ਕੀਤਾ ਗਿਆ। ਜਗਜੀਤ ਸਿੰਘ ਧੂਰੀ ਨੇ ਕਿਹਾ ਕਿ ਸਮੂਹ ਬਰਾੜ ਪਰਿਵਾਰ ਵਧਾਈ ਦਾ ਪਾਤਰ ਹੈ, ਕਿਉਂਕਿ ਆਪਣੇ ਬਜ਼ੁਰਗਾਂ ਦੀ ਯਾਦ ਨੂੰ ਤਾਜ਼ਾ ਰੱਖਣਾ ਹਰੇਕ ਇਨਸਾਨ ਦੇ ਹਿੱਸੇ ਨਹੀਂ ਆਉਂਦਾ। ਸਵ: ਜਗਸੀਰ ਸਿੰਘ ਬਰਾੜ ਵੱਲੋਂ ਮਿਲੇ ਚੰਗੇ ਸੰਸਕਾਰਾਂ ਦੀ ਬਦੌਲਤ ਨਵਦੀਪ ਸਿੰਘ ਬਰਾੜ ਤੇ ਜਗਦੀਪ ਸਿੰਘ ਬਰਾੜ ਉਹਨਾਂ ਦੀ ਸੋਚ ਨੂੰ ਅੱਗੇ ਲਿਜਾ ਰਹੇ ਹਨ। ਸਕੂਲ ਚੇਅਰਮੈਨ ਨਵਦੀਪ ਸਿੰਘ ਬਰਾੜ ਨੇ ਦੱਸਿਆ ਕਿ ਇਸ ਕੈਂਪ ਦੌਰਾਨ 325 ਦੇ ਕਰੀਬ ਮਰੀਜ਼ਾਂ ਨੂੰ ਐਨਕਾਂ ਦਿੱਤੀਆਂ ਗਈਆਂ, 250 ਤੋਂ ਉੱਪਰ ਮਰੀਜ਼ਾਂ ਨੂੰ ਦਵਾਈਆਂ ਅਤੇ 50 ਮਰੀਜ਼ ਅਪ੍ਰੇਸ਼ਨ ਦੇ ਯੋਗ ਪਾਏ ਗਏ, ਜਿਨ੍ਹਾਂ ਨੂੰ ਸ਼ੰਕਰਾ ਆਈ ਹਸਪਤਾਲ ਲੁਧਿਆਣਾ ਵਿਖੇ ਲਿਜਾ ਕੇ ਅਪ੍ਰੇਸ਼ਨ ਕਰਾਇਆ ਗਿਆ, ਚੇਅਰਮੈਨ ਬਰਾੜ ਨੇ ਕਿਹਾ ਕਿ ਇਸ ਤਰ੍ਹਾਂ ਦੇ ਕੈਂਪਾਂ ਦਾ ਆਯੋਜਨ ਭਵਿੱਖ ਵਿੱਚ ਵੀ ਕੀਤਾ ਜਾਂਦਾ ਰਹੇਗਾ।ਅੰਤ ਉਨ੍ਹਾਂ ਆਈਆਂ ਹੋਈਆਂ ਸਮੂਹ ਸ਼ਖ਼ਸੀਅਤਾਂ ਦਾ ਧੰਨਵਾਦ ਕੀਤਾ ਤੇ ਮੁੱਖ ਮਹਿਮਾਨ ਪ੍ਰਧਾਨ ਡਾ. ਜਗਜੀਤ ਸਿੰਘ ਧੂਰੀ ਦਾ ਲੋਈ ਪਹਿਨਾ ਕੇ ਵਿਸ਼ੇਸ਼ ਸਨਮਾਨ ਕੀਤਾ।

ਸੁਰਿੰਦਰ ਸਿੰਗਲਾ ਰੋਮਾਣਾ ਵਾਲਿਆਂ ਦੇ ਗ੍ਰਹਿ ਜਾਗਰਣ ਹੋਇਆ

ਬਠਿੰਡਾ (ਰਾਜੀਵ ਗੋਇਲ)-ਕਸਬਾ ਭਗਤਾ ਭਾਈ ਕਾ ਦੇ ਮਸ਼ਹੂਰ ਵਪਾਰੀ ਮਰਹੂਮ ਸੁਰਿੰਦਰ ਸਿੰਗਲਾ ਰੋਮਾਣਾ ਵਾਲਿਆਂ ਦੇ ਗ੍ਰਹਿ ਵਿਖੇ ਜਾਗਰਣ ਕਰਾਇਆ ਗਿਆ, ਜਿੱਥੇ ਸ਼ਹਿਰ ਵਾਸੀਆਂ ਤੇ ਰਿਸ਼ਤੇਦਾਰਾਂ ਵੱਲੋਂ ਵੱਡੀ ਗਿਣਤੀ ਵਿੱਚ ਪਹੁੰਚ ਕੇ ਮਹਾਂਮਾਈ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਦੱਸਣਾ ਬਣਦਾ ਹੈ ਕਿ ਸਿੰਗਲਾ ਭਰਾ ਭੂਸ਼ਣ ਕੁਮਾਰ ਤੇ ਮੁਕੇਸ਼ ਕੁਮਾਰ ਵੱਲੋਂ ਸ਼ਹਿਰ ਦੀ ਚੇਅਰਮੈਨ ਕਾਲੋਨੀ ਵਿਖੇ ਆਪਣੀ ਨਵੀਂ ਰਿਹਾਇਸ਼ ਵਿਖੇ ਗ੍ਰਹਿ ਪ੍ਰਵੇਸ਼ ਕਰਨ ਦੀ ਖੁਸ਼ੀ ਵਿੱਚ ਇਹ ਜਾਗਰਣ ਕਰਾਇਆ ਗਿਆ, ਜਿੱਥੇ ਸ਼ਹਿਰ ਵਾਸੀਆਂ ਦਾ ਵੱਡਾ ਇਕੱਠ ਦੇਖਣ ਨੂੰ ਮਿਲਿਆ। ਇਸ ਮੌਕੇ ਬਰਨਾਲਾ ਵਾਲੀ ਭਜਨ ਮੰਡਲੀ ਵੱਲੋਂ ਮਹਾਂਮਾਈ ਦਾ ਗੁਣਗਾਨ ਕੀਤਾ ਗਿਆ ਤੇ ਸਟੇਜ ਦੀ ਕਾਰਵਾਈ ਪੁਜਾਰੀ ਟੇਕ ਚੰਦ ਵੱਲੋਂ ਸੰਭਾਲੀ ਗਈ। ਇਸ ਮੌਕੇ ਮਾਤਾ ਚਿੰਤਪੁਰਨੀ ਮੰਦਰ ਬਰਨਾਲਾ ਦੇ ਮੁੱਖ ਮਾਤਾ ਕਰਮਜੀਤ ਕੌਰ ਵੱਲੋਂ ਵਿਸ਼ੇਸ਼ ਹਾਜ਼ਰੀ ਭਰੀ ਗਈ। ਇਸ ਮੌਕੇ ਸਮੂਹ ਸਿੰਗਲਾ ਪਰਵਾਰ, ਸ਼ਹਿਰ ਵਾਸੀ ਤੇ ਰਿਸ਼ਤੇਦਾਰ ਹਾਜ਼ਰ ਸਨ।

ਰਾਮਲੀਲ੍ਹਾ ਦੇ ਦੂਜੇ ਦਿਨ ਰਾਵਣ-ਨੰਦੀ ਸੰਵਾਦ ਰਿਹਾ ਖਿੱਚ ਦਾ ਕੇਂਦਰ

ਰਾਮਪੁਰਾ ਫੂਲ (ਦਰਸ਼ਨ ਸਿੰਦਲ)-ਨਵ ਭਾਰਤ ਕਲਾ ਮੰਚ ਵੱਲੋਂ ਗੀਤਾ ਭਵਨ ਵਿਖੇ ਕਰਾਈ ਜਾ ਰਹੀ ਰਾਮਲੀਲਾ ਦੀ ਦੂਜੀ ਰਾਤਰੀ ਦਾ ਉਦਘਾਟਨ ਆਤ੍ਰਤੀਆ ਐਸੋਸੀਏਸ਼ਨ ਦੇ ਪ੍ਰਧਾਨ ਨਰੇਸ਼ ਕੁਮਾਰ ਸਿਓਪਾਲ ਨੇ ਰੀਬਨ ਕੱਟ ਕੇ ਕੀਤਾ।ਇਸ ਮੌਕੇ ਉਨ੍ਹਾਂ ਪੰਡਾਲ ਵਿੱਚ ਬੈਠੇ ਰਾਮ ਭਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਭਗਵਾਨ ਸ੍ਰੀ ਰਾਮ ਚੰਦਰ ਜੀ ਦੇ ਜੀਵਨ ਤੋਂ ਪ੍ਰੇਰਣਾ ਲੈਣੀ ਚਾਹੀਦੀ ਹੈ ਤੇ ਹਮੇਸ਼ਾ ਸੱਚ ਦਾ ਸਾਥ ਦੇਣਾ ਚਾਹੀਦਾ ਹੈ।ਉਨ੍ਹਾਂ ਕਲਾ ਮੰਚ ਨੂੰ ਭਰੋਸਾ ਦਿਵਾਇਆ ਕਿ ਉਹ ਹਮੇਸ਼ਾ ਕਲਾ ਮੰਚ ਦੇ ਨਾਲ ਹਨ ਤੇ ਹਰ ਸੰਭਵ ਮਦਦ ਕਰਨ ਲਈ ਤਿਆਰ ਹਨ। ਰਾਮਲੀਲਾ ਦੌਰਾਨ ਸਹਾਰਾ ਸਮਾਜ ਸੇਵਾ ਤੇ ਗਰੂ ਸੁਰੱਕਸ਼ਾ ਸੇਵਾ ਦਲ ਦੇ ਪੰਜਾਬ ਪ੍ਰਧਾਨ ਸੰਦੀਪ ਵਰਮਾ, ਗੀਤਾ ਭਵਨ ਕਮੇਟੀ, ਸ਼ੀਤਲਾ ਭਜਨ ਮੰਡਲੀ ਦੇ ਮੈਂਬਰਾਂ ਵੱਲੋਂ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ ਗਈ।ਕਲਾ ਮੰਚ ਵੱਲੋਂ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਉਨ੍ਹਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਰਾਮਲੀਲਾ ਦੇ ਦੂਜੇ ਦਿਨ ਜਿਥੇ ਰਾਵਣ ਨੰਦੀ ਸੰਵਾਦ ਵਿਸ਼ੇਸ ਖਿੱਚ ਦਾ ਕੇਂਦਰ ਬਣਿਆ ਉਥੇ ਸਰਵਨ ਮਰਨ ਸ਼ੀਨ ਨੇ ਪੰਡਾਲ ਵਿੱਚ ਬੈਠੇ ਦਰਸ਼ਕਾਂ ਨੂੰ ਭਾਵੁਕ ਕਰ ਦਿੱਤਾ।ਰਾਮਲੀਲਾ ਦੇ ਦੂਜੇ ਦਿਨ ਦੇ ਆਖਰੀ ਸ਼ੀਨ ਰਾਮ ਜਨਮ ਵਿੱਚ ਕਵਾਲਾ ਵੱਲੋਂ ਪੇਸ਼ ਕੀਤੀਆਂ ਕਵਾਲੀਆਂ ਨੇ ਦਰਸ਼ਕਾਂ ਦਾ ਖੂਬ ਮੰਨੋਰੰਜਨ ਕੀਤਾ।ਇਸ ਮੌਕੇ ਸਟੈਜ਼ ਸਕੱਤਰ ਦੀ ਭੂਮੀਕਾ ਸਤਪਾਲ ਸ਼ਰਮਾ ਨੇ ਬਾਖੂਬੀ ਨਿਭਾਈ।

ਰਾਮ ਚੰਦਰ ਦੀ ਹਰ ਲੀਲ੍ਹਾ ਤੋਂ ਸਾਨੂੰ ਕੁਝ ਨਾ ਕੁਝ ਸਿੱਖਿਆ ਜ਼ਰੂਰ ਮਿਲਦੀ ਹੈ : ਅਮਿਤ ਸਿੰਗਲਾ

ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)-ਸ਼੍ਰੀ ਕ੍ਰਿਸ਼ਨਾ ਡਰਾਮਾਟਿਕ ਕਲੱਬ ਵਲੋਂ ਸਥਾਨਕ ਮਿਰਚੀਆ ਮੰਦਿਰ ਵਿਖੇ ਕਰਾਈ ਜਾ ਰਹੀ ਰਾਮ ਲੀਲਾ ਦੇ ਤੀਜੇ ਦਿਨ ਰਾਮਲੀਲਾ ਮੰਚਨ ਦਾ ਉਦਘਾਟਨ ਅਮਿਤ ਸਿੰਗਲਾ ਸੀ ਏ ਰੋਟਰੀ ਕਲੱਬ ਜ਼ਿਲ੍ਹਾ ਗਵਰਨਰ ਤੇ ਉਦਯੋਗਪਤੀ ਅਤੇ ਬਹਾਵਲਪੁਰ ਮਹਾਂਸੰਘ ਇੰਡੀਆ ਦੇ ਪ੍ਰਧਾਨ ਸ਼੍ਰੀ ਗਿਆਨ ਚੰਦ ਕਟਾਰੀਆ ਵਲੋਂ ਸਾਂਝੇ ਤੌਰ 'ਤੇ ਕੀਤਾ ਗਿਆ।ਸ਼੍ਰੀ ਕਟਾਰੀਆ ਤੇ ਸ਼੍ਰੀ ਅਮਿਤ ਸਿੰਗਲਾ ਨੇ ਕਿਹਾ ਕਿ ਭਗਵਾਨ ਸ੍ਰੀ ਰਾਮ ਚੰਦਰ ਜੀ ਮਹਾਨ ਦੇਵਤਾ ਹਨ, ਜਿਨ੍ਹਾਂ ਨੇ ਮਰਿਆਦਾ 'ਤੇ ਚੱਲਦੇ ਹੋਏ ਲੋਕਾਂ ਨੂੰ ਸਾਦਗੀ ਨਾਲ ਜੀਵਨ ਜਿਊਣ ਲਈ ਜਾਣੂ ਕਰਾਇਆ।ਉਨ੍ਹਾਂ ਕਿਹਾ ਕਿ ਹਰ ਇਕ ਵਿਅਕਤੀ ਭਗਵਾਨ ਸ੍ਰੀ ਰਾਮ ਚੰਦਰ ਜੀ ਦੀ ਹਰ ਇਕ ਲੀਲਾ ਤੋਂ ਕੁਝ ਨਾ ਕੁਝ ਸਿੱਖ ਸਕਦਾ ਹੈ।ਇਸ ਮੌਕੇ ਵਿਸ਼ੇਸ਼ ਮਹਿਮਾਨ ਵਜੋਂ ਪ੍ਰਦੀਪ ਗੋਇਲ ਮਿੰਕਾ, ਕੌਂਸਲਰ ਟਿੰਕਾ ਗਾਜੇਵਾਸ, ਅਜੇ ਬਾਂਸਲ, ਰਜਿੰਦਰ ਕੁਮਾਰ, ਮਾਸਟਰ ਨਰਿੰਦਰ, ਨੀਰਜ ਗੁਪਤਾ ਆਦਿ ਨੇ ਸ਼ਿਰਕਤ ਕੀਤੀ।ਇਸ ਮੌਕੇ ਪਰਦੇ ਪੇਸ਼ ਕੀਤੀ ਰਾਮ ਲੀਲਾ 'ਚ ਕਲਾਕਾਰਾਂ ਵਲੋਂ ਕੇਵਟ ਦੁਆਰਾ ਰਾਮ ਸੀਤਾ ਤੇ ਲਛਮਣ ਨੂੰ ਨਦੀ ਪਾਰ ਕਰਵਾਉਣਾ, ਭਰਤ ਦਾ ਅਯੋਧਿਆ ਆਉਣਾ ਦੇ ਸੀਨ ਪੇਸ਼ ਕੀਤੇ ਗਏ।ਕਲੱਬ ਵਲੋਂ ਆਏ ਹੋਏ ਮਹਿਮਾਨਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਵੀ ਕੀਤਾ ਗਿਆ।

ਕੋਟਕਪੂਰਾ ਵਿਸ਼ਵਾਸ ਲਾਇਨਜ਼ ਕਲੱਬ ਨੇ ਕੀਤਾ ਸਾਈਕਲ ਰਾਈਡਰਜ਼ ਦਾ ਸਨਮਾਨ

ਕੋਟਕਪੂਰਾ (ਰਛਪਾਲ ਭੁੱਲਰ) ਅੰਤਰਰਾਸ਼ਟਰੀ ਅਧਿਆਪਕ ਦਿਵਸ ਮੌਕੇ ਕੋਟਕਪੂਰਾ ਵਿਸ਼ਵਾਸ ਲਾਇਨਜ਼ ਕਲੱਬ ਵੱਲੋਂ ਸਾਗਰ ਢਾਬਾ ਤੇ ਅਧਿਆਪਕ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ ਗਿਆ ਸੀ, ਜਿਸ ਵਿੱਚ ਸੰਦੀਪ ਸਿੰਘ ਧਾਲੀਵਾਲ ਰਾਜ ਸੂਚਨਾ ਕਮਿਸ਼ਨਰ ਮੁੱਖ ਮਹਿਮਾਨ ਦੇ ਤੌਰ 'ਤੇ ਹਾਜ਼ਰ ਹੋਏ ਸਨ।ਐਡਵੋਕੇਟ ਚਰਨਜੀਤ ਸਿੰਘ ਸਿਡਾਨਾ ਸਕੱਤਰ ਵੱਲੋਂ ਮਾਸਟਰ ਆਫ ਸੈਰੇਮਨੀ ਦੀ ਭੂਮਿਕਾ ਨਿਭਾਉਂਦੇ ਕਲੱਬ ਆਹੁਦੇਦਾਰਾਂ ਨੂੰ ਵਾਰੀ ਵਾਰੀ ਸਟੇਜ ਤੇ ਬੁਲਾਇਆ ਗਿਆ।ਐਮ.ਜੇ.ਐਫ਼ ਲਾਇਨ ਗੁਰਦੀਪ ਸਿੰਘ, ਲਾਇਨ ਗੁਰਵੀਰਕਰਨ ਸਿੰਘ ਢਿੱਲੋਂ ਜ਼ੋਨ ਚੇਅਰਮੈਨ, ਲਾਇਨ ਰਜਿੰਦਰ ਸਿੰਘ ਸਰਾਂ, ਰੀਜਨ ਐਡਮਨਿਸਟ੍ਰੇਟਰ, ਐਡਵੋਕੇਟ ਲਾਇਨ ਸੁਰਿੰਦਰ ਸਿੰਘ ਰੀਜਨ ਚੇਅਰਮੈਨ ਵੱਲੋਂ ਅੰਤਰਰਾਸ਼ਟਰੀ ਅਧਿਆਪਕ ਦਿਵਸ ਮਨਾਉਣ ਦੀ ਮਹੱਤਤਾ ਬਾਰੇ ਵੇਰਵੇ ਸਹਿਤ ਜਾਣਕਾਰੀ ਦਿੰਦੇ ਹੋਏ ਚੁਣੇ ਗਏ ਅਧਿਆਪਕਾਂ ਦੀਆਂ ਪ੍ਰਾਪਤੀਆਂ ਬਾਰੇ ਵੀ ਦੱਸਿਆ ਗਿਆ।ਗੁਰਦੀਪ ਸਿੰਘ ਵੱਲੋਂ ਕੋਟਕਪੂਰਾ ਦਾ ਨਾਂਅ ਸੰਸਾਰ ਪੱਧਰ 'ਤੇ ਉੱਚਾ ਕਰਨ ਵਾਲੇ ਸਾਈਕਲਿਸਟਾਂ ਦੀਆਂ ਪ੍ਰਾਪਤੀਆਂ ਬਾਰੇ ਚਾਨਣਾ ਪਾਇਆ।ਗੁਰਪ੍ਰੀਤ ਸਿੰਘ ਕੰਮੋ ਦਾ ਨਾਂਅ ਏਸ਼ੀਆ ਬੁੱਕ ਆਫ ਰਿਕਾਰਡ, ਇੰਡੀਆ ਬੁੱਕ ਆਫ ਰਿਕਾਰਡ ਵਿੱਚ ਸ਼ਾਮਲ ਹੈ।ਓਸਿਸ ਕੰਪਨੀ ਵੱਲੋਂ ਭਾਰਤੀਆਂ ਰਤਨ ਐਵਾਰਡ ਨਾਲ ਅਤੇ ਕੁਲਤਾਰ ਸਿੰਘ ਸੰਧਵਾਂ ਸਪੀਕਰ ਦੇ ਖਾਸ ਉਪਰਾਲਿਆਂ ਨਾਲ ਪੰਜਾਬ ਵਿਧਾਨ ਸਭਾ ਵਿੱਚ ਵੀ ਸਨਮਾਨਤ ਹੋ ਚੁੱਕੇ ਹਨ। ਗੁਰਪ੍ਰੀਤ ਸਿੰਘ ਕੰਮੋ ਤੇ ਜਰਨੈਲ ਸਿੰਘ ਵੱਲੋਂ ਬੱਡੀਜ਼ ਚੈਲੰਜ ਵਿੱਚ ਭਾਰਤ ਭਰ ਦੀਆਂ ਸ਼ਾਮਲ ਹੋਈਆਂ 84 ਜੋੜੀਆਂ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ।ਪਰਮਿੰਦਰ ਸਿੰਘ ਸਿੱਧੂ ਨੇ ਵੀ ਸਟਰਾਵਾ ਤੇ ਵਰਲਡ ਸਾਇਕਲਿੰਗ ਮੁਕਾਬਲੇ ਸਤੰਬਰ 2020, ਜਿਸ ਵਿੱਚ ਸਾਰੇ ਸੰਸਾਰ ਦੇ 25 ਲੱਖ ਸਾਇਕਲਿਸਟ ਸਨ, ਪਹਿਲਾ ਸਥਾਨ ਪ੍ਰਾਪਤ ਕੀਤਾ।

ਇੰਡੀਆ ਸਾਇਕਲਿੰਗ ਮੁਕਾਬਲਿਆਂ 'ਚ 5 ਵਾਰ ਪਹਿਲਾ ਸਥਾਨ ਪ੍ਰਾਪਤ ਕੀਤਾ। ਲਗਾਤਾਰ 607 ਦਿਨ 100 ਕਿਲੋਮੀਟਰ ਸਾਇਕਲ ਚਲਾਉਣ ਕਰਕੇ ਇੰਡੀਆ ਬੁੱਕ ਆਫ ਰਿਕਾਰਡ, ਏਸ਼ੀਆ ਬੁੱਕ ਆਫ ਰਿਕਾਰਡ, ਅੰਤਰਰਾਸ਼ਟਰੀ ਬੁੱਕ ਆਫ ਰਿਕਾਰਡ, ਵਰਲਡ ਗਰੇਟੇਸਟ ਰਿਕਾਰਡ, ਕਿੰਗਜ ਵਰਲਡ ਬੁੱਕ ਆਫ

8-OCT-PAGE-11.qxd 10/7/2024 10:29 PM Page 1

ਖੱਬੇ-ਪੱਖੀ ਧਿਰਾਂ ਨੇ ਫਲਸਤੀਨ ਨਾਲ ਇੱਕਮੁਠਤਾ ਪ੍ਰਗਟਾਉਂਦਿਆਂ ਇਜ਼ਰਾਈਲ ਖਿਲਾਫ ਕੀਤਾ ਰੋਸ ਮਾਰਚ

ਮਾਨਸਾ (ਆਤਮਾ ਸਿੰਘ ਪਮਾਰ)-ਦੇਸ਼ ਦੀਆਂ ਪੰਜ ਖੱਬੇ ਪੱਖੀ ਧਿਰਾਂ ਵਲੋਂ ਸਥਾਨਕ ਤੇਜਾ ਸਿੰਘ ਸੁਤੰਤਰ ਭਵਨ ਵਿਖੇ ਸੀ ਪੀ ਆਈ, ਸੀ ਪੀ ਆਈ ਐਮ ਐਲ ਲਿਬਰੇਸ਼ਨ, ਇਨਕਲਾਬੀ ਕੇਂਦਰ, ਮੁਸਲਿਮ ਫਰੰਟ ਦੇ ਆਗੂਆਂ ਵੱਲੋਂ ਖੱਬੀਆਂ ਪਾਰਟੀਆਂ ਦੇ ਸੱਦੇ 'ਤੇ 7 ਅਕਤੂਬਰ ਦਾ ਦਿਨ ਫਲਸਤੀਨ ਨਾਲ ਇੱਕਮੁਠਤਾ ਪ੍ਰਗਟਾਉਣ ਦਾ ਫੈਸਲਾ ਕੀਤਾ ਗਿਆ ਸੀ।ਜਿਸ ਤਹਿਤ ਇਜ਼ਰਾਈਲ ਖਿਲਾਫ ਠੀਕਰੀਵਾਲਾ ਚੌਕ ਤੱਕ ਰੋਸ ਮਾਰਚ ਕੀਤਾ ਗਿਆ। ਇਸ ਸਮੇਂ ਸੀ ਪੀ ਆਈ ਐਮ ਐਲ ਲਿਬਰੇਸ਼ਨ ਦੇ ਕੇਂਦਰੀ ਕਮੇਟੀ ਮੈਂਬਰ ਕਾ. ਰਾਜਵਿੰਦਰ ਸਿੰਘ ਰਾਣਾ, ਸੀ ਪੀ ਆਈ ਦੇ ਸੂਬਾ ਕਾਰਜਕਾਰਨੀ ਮੈਂਬਰ ਤੇ ਜ਼ਿਲ੍ਹਾ ਸਕੱਤਰ ਸਾਥੀ ਕ੍ਰਿਸ਼ਨ ਚੌਹਾਨ, ਇਨਕਲਾਬੀ ਕੇਂਦਰ ਦੇ ਜਗਮੇਲ ਸਿੰਘ ਖੱਤਰੀ ਵਾਲਾ, ਟਰੇਡ ਯੂਨੀਅਨ ਦੇ ਮੇਜਰ ਸਿੰਘ ਦੂਲੋਵਾਲ ਅਤੇ ਮੁਸਲਿਮ ਫਰੰਟ ਦੇ ਰਵੀ ਖ਼ਾਨ ਆਦਿ ਆਗੂਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਅਮਰੀਕਾ ਹਥਿਆਰਾਂ ਤੇ ਕਾਰੋਬਾਰ ਨੂੰ ਬੜ੍ਹਾਵਾ ਦੇਣ ਲਈ ਦੁਨੀਆ ਨੂੰ ਹਮੇਸ਼ਾ ਬਰੂਦ ਦੇ ਢੇਰ ਤੇ ਖੜ੍ਹਾ ਕਰਕੇ ਖਾਨਾਜੰਗੀ ਵੱਲ ਧੱਕਣ ਲਈ ਦੀ ਕੋਸ਼ਿਸ਼ ਵਿਚ ਰਿਹਾ ਹੈ।ਆਗੂਆਂ ਨੇ ਕਿਹਾ ਕਿ ਦੇਸ਼ ਦੀਆਂ ਖੱਬੇ ਪੱਖੀ ਪਾਰਟੀਆਂ ਵਲੋਂ ਗਾਜ਼ਾ ਪੱਟੀ ਵਿੱਚ ਇਜ਼ਰਾਈਲ ਵੱਲੋਂ ਕੀਤੀ ਜਾ ਰਹੀ ਨਸਲਕੁਸ਼ੀ ਦੀ ਲੜਾਈ ਦਾ ਇੱਕ ਸਾਲ ਪੂਰਾ ਹੋ ਗਿਆ ਹੈ। ਇਜ਼ਰਾਈਲ ਅੰਦਰ ਹਮਾਸ ਦੁਆਰਾ ਕੀਤੇ ਗਏ ਹਮਲੇ ਦਾ ਬਦਲਾ ਲੈਣ ਦੇ ਨਾਂਅ 'ਤੇ ਇਜ਼ਰਾਇਲੀ ਹਥਿਆਰਬੰਦ ਬਲਾਂ ਵੱਲੋਂ ਗਾਜ਼ਾ ਪੱਟੀ ਵਿੱਚ ਫਲਸਤੀਨੀਆਂ 'ਤੇ ਬੇਰਹਿਮੀ ਨਾਲ ਅੰਨ੍ਹੇਵਾਹ ਹਮਲੇ ਕੀਤੇ ਜਾ ਰਹੇ ਹਨ। ਇਸ ਜੰਗ ਦੇ ਨਤੀਜੇ ਵਜੋਂ ਲਗਭਗ 50,000 ਫਲਸਤੀਨੀਆਂ, ਮੁੱਖ ਤੌਰ 'ਤੇ ਔਰਤਾਂ ਤੇ ਬੱਚਿਆਂ ਤੇ ਅਣਮਨੁੱਖੀ ਵਰਤਾਰਿਆਂ ਦਾ ਦੌਰ ਅੱਜ ਵੀ ਜਾਰੀ ਹੈ।ਮੁਜ਼ਾਹਰਾਕਾਰੀਆ ਨੇ ਦੁਨੀਆ ਵਿੱਚ ਸ਼ਾਂਤੀ ਦਾ ਮਾਹੌਲ ਪੈਦਾ ਕਰਨ ਅਤੇ ਜੰਗ ਨੂੰ ਰੋਕਣ ਲਈ ਇਜ਼ਰਾਈਲ ਖਿਲਾਫ ਤੇ ਫਲਸਤੀਨ ਦੇ ਹੱਕ ਵਿੱਚ ਵੱਡੀ ਲਾਮਬੰਦੀ ਨੂੰ ਸਮੇਂ ਦੀ ਮੁੱਖ ਲੋੜ ਦੱਸਿਆ।ਇੱਕ ਵਿਸ਼ੇਸ਼ ਮਤੇ ਰਾਹੀਂ ਮੋਦੀ ਸਰਕਾਰ ਦੀ ਘੱਟ ਗਿਣਤੀਆਂ, ਦਲਿਤਾਂ ਤੇ ਔਰਤਾਂ ਪ੍ਰਤੀ ਨਫ਼ਰਤ ਦੀ ਘੋਰ ਨਿੰਦਾ ਕੀਤੀ ਗਈ।ਕਿਉਂਕਿ ਸੰਵਿਧਾਨ ਵਿਰੋਧੀ ਕਾਰਵਾਈਆਂ ਦੇਸ਼ ਦੀ ਏਕਤਾ ਅਤੇ ਅਖੰਡਤਾ, ਸਾਂਝੀਵਾਲਤਾ ਲਈ ਖਤਰਾ ਹੈ। ਕਮਿਊਨਿਸਟ ਆਗੂਆਂ ਨੇ ਸੂਬੇ ਦੀ ਮਾਨ ਸਰਕਾਰ 'ਤੇ ਦੋਸ਼ ਲਾਉਂਦਿਆਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਬਣਾਏ ਗਏ ਲੋਕ ਵਿਰੋਧੀ ਕਾਨੂੰਨਾਂ ਨੂੰ ਹੂ ਬ ਹੂ ਲਾਗੂ ਕਰਦਿਆਂ ਬੁੱਧੀਜੀਵੀਆਂ, ਲੇਖਕਾਂ ਅਤੇ ਪੱਤਰਕਾਰਾਂ ਤੋਂ ਇਲਾਵਾ ਮਾਲਵਿੰਦਰ ਸਿੰਘ ਮਾਲੀ ਵਰਗੇ ਅਨੇਕਾਂ ਇਨਸਾਫ਼ ਪਸੰਦ ਲੋਕਾਂ ਨੂੰ ਜੇਲ੍ਹਾਂ ਵਿੱਚ ਡੱਕ ਰਹੀ ਹੈ ਜੋ ਲੋਕਤੰਤਰ ਤੇ ਸੰਵਿਧਾਨ ਵਿਰੋਧੀ ਵਰਤਾਰਾ ਹੈ। ਇਸ ਸਮੇਂ ਹੋਰਨਾਂ ਤੋਂ ਇਲਾਵਾ ਰੂਪ ਸਿੰਘ ਢਿੱਲੋਂ, ਸੁਖਚਰਨ ਦਾਨੇਵਾਲੀਆ, ਰਤਨ ਭੋਲਾ ਸ਼ਹਿਰੀ ਸਕੱਤਰ, ਨੌਜਵਾਨ ਆਗੂ ਗਗਨਦੀਪ ਸ਼ਰਮਾ, ਮਜ਼ਦੂਰ ਆਗੂ ਸੁਖਦੇਵ ਸਿੰਘ ਪੰਧੇਰ, ਸੁਖਦੇਵ ਸਿੰਘ ਮਾਨਸਾ, ਕ੍ਰਿਸ਼ਨਾ ਕੌਰ, ਨਰਿੰਦਰ ਕੌਰ, ਗੁਰਸੇਵਕ ਸਿੰਘ ਮਾਨ, ਬੂਟਾ ਸਿੰਘ ਬਰਨਾਲਾ, ਮੁਲਾਜ਼ਮ ਆਗੂ ਸਿਕੰਦਰ ਸਿੰਘ ਘਰਾਗਣਾ, ਪੈਰਾ ਮੈਡੀਕਲ ਦੇ ਕੇਵਲ ਸਿੰਘ, ਆਇਸ਼ਾ ਦੇ ਸੁਖਜੀਤ ਰਾਮਾਨੰਦੀ ਆਦਿ ਆਗੂਆਂ ਨੇ ਸੰਬੋਧਨ ਵੀ ਕੀਤਾ। ਸਟੇਜ ਸਕੱਤਰ ਦੀ ਭੂਮਿਕਾ ਕਾ. ਸੁਰਿੰਦਰਪਾਲ ਸ਼ਰਮਾ ਵੱਲੋਂ ਨਿਭਾਈ ਗਈ।

ਰੁਮਾਲਾ ਸਾਹਿਬ ਦੀ ਭੇਟਾ ਜਮ੍ਹਾਂ ਕਰਵਾਉਣ ਲਈ ਕਾਊਂਟਰ ਕੀਤੇ ਜਾਣਗੇ ਸਥਾਪਤ : ਧਾਮੀ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ, ਸਿੱਖ ਇਤਿਹਾਸ ਰੀਸਰਚ ਬੋਰਡ ਅਤੇ ਐਜੂਕੇਸ਼ਨ ਕਮੇਟੀ ਦੀਆਂ ਵੱਖ-ਵੱਖ ਤਿੰਨ ਅਹਿਮ ਇਕੱਤਰਤਾਵਾਂ ਅੱਜ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਸ੍ਰੀ ਗੁਰੂ ਰਾਮਦਾਸ ਯੂਨੀਵਰਸਿਟੀ ਆਫ਼ ਹੈਲਥ ਸਾਇੰਸਿਜ਼ ਵੱਲ੍ਹਾ ਸ੍ਰੀ ਅੰਮ੍ਰਿਤਸਰ ਵਿਖੇ ਹੋਈਆਂ। ਇਸ ਦੌਰਾਨ ਸਿੱਖੀ ਦੇ ਪ੍ਰਚਾਰ ਪ੍ਰਸਾਰ ਲਈ ਰੂਪ ਰੇਖਾ ਦੇ ਨਾਲ-ਨਾਲ ਸਿੱਖ ਸਾਹਿਤ ਦੀਆਂ ਨਵੀਆਂ ਪ੍ਰਕਾਸ਼ਨਾਵਾਂ ਅਤੇ ਵਿਦਿਅਕ ਅਦਾਰਿਆਂ ਦੇ ਮਾਮਲੇ ਵਿਚਾਰੇ ਗਏ। ਇਕੱਤਰਤਾਵਾਂ ਮਗਰੋਂ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸਮੇਤ ਹੋਰ ਇਤਿਹਾਸਕ ਗੁਰਦੁਆਰਾ ਸਾਹਿਬਾਨ ਅੰਦਰ ਸੰਗਤ ਵੱਲੋਂ ਸ਼ਰਧਾ ਤੇ ਸਤਿਕਾਰ ਵਜੋਂ ਵੱਡੀ ਗਿਣਤੀ ਵਿਚ ਰੁਮਾਲਾ ਸਾਹਿਬ ਭੇਟ ਕੀਤੇ ਜਾਂਦੇ ਹਨ, ਪਰੰਤੂ ਅਕਸਰ ਹੀ ਰੁਮਾਲਿਆਂ ਦੀ ਗੁਣਵੱਤਾ ਤੇ ਮਿਆਰ ਠੀਕ ਨਹੀਂ ਹੁੰਦਾ। ਇਸ ਦੇ ਨਾਲ ਹੀ ਰੁਮਾਲਿਆਂ ਦੀ ਬਹੁਤਾਤ ਕਾਰਨ ਸਾਂਭ-ਸੰਭਾਲ ਵਿਚ ਵੱਡੀ ਸਮੱਸਿਆ ਬਣਦੀ ਹੈ। ਇਸ ਦੇ ਮੱਦੇਨਜ਼ਰ ਵਿਚਾਰ-ਵਟਾਂਦਰੇ ਉਪਰੰਤ ਇਹ ਫੈਸਲਾ ਕੀਤਾ ਗਿਆ ਹੈ ਕਿ ਗੁਰਦੁਆਰਾ ਸਾਹਿਬਾਨ ਅੰਦਰ ਵਿਸ਼ੇਸ਼ ਕਾਊਂਟਰ ਸਥਾਪਤ ਕੀਤੇ ਜਾਣਗੇ, ਜਿਥੇ ਸੰਗਤ ਰੁਮਾਲਾ ਸਾਹਿਬ ਲਈ ਯਥਾਸ਼ਕਤ ਭੇਟਾ ਜਮ੍ਹਾਂ ਕਰਵਾ ਸਕੇਗੀ। ਉਨ੍ਹਾਂ ਸੰਗਤ ਨੂੰ ਅਪੀਲ ਕੀਤੀ ਕਿ ਸਥਾਪਤ ਕੀਤੇ ਜਾਣ ਵਾਲੇ ਕਾਊਂਟਰਾਂ 'ਤੇ ਸ਼ਰਧਾ ਅਨੁਸਾਰ ਰੁਮਾਲਿਆਂ ਲਈ ਭੇਟਾ ਜਮ੍ਹਾਂ ਕਰਵਾ ਕੇ ਰਸੀਦ ਪ੍ਰਾਪਤ ਕਰਨ ਤੇ ਗੁਰੂ ਦਰਬਾਰ ਅੰਦਰ ਰਸੀਦ ਦਿਖਾ ਕੇ ਅਰਦਾਸ ਕਰਵਾਉਣ। ਉਨ੍ਹਾਂ ਕਿਹਾ ਕਿ ਰੁਮਾਲਾ ਸਾਹਿਬ ਲਈ ਪੁੱਜਣ ਵਾਲੀ ਭੇਟਾ ਕੌਮ ਦੇ ਉਜਲੇ ਭਵਿੱਖ ਲਈ ਵਰਤੀ ਜਾਵੇਗੀ।ਉਨ੍ਹਾਂ ਇਹ ਵੀ ਦੱਸਿਆ ਕਿ ਸਿਰੋਪਾਓ ਦੀ ਵਰਤੋਂ ਇਸ ਦੀ ਭਾਵਨਾ ਅਤੇ ਧਾਰਮਿਕ ਮਹੱਤਵ ਅਨੁਸਾਰ ਯਕੀਨੀ ਬਣਾਉਣ ਲਈ ਬੀਤੇ ਵਿਚ ਸ਼ੁਰੂ ਕੀਤੇ ਗਏ ਯਤਨਾਂ ਨੂੰ ਹੋਰ ਪੁਖ਼ਤਗੀ ਨਾਲ ਲਾਗੂ ਕੀਤਾ ਜਾਵੇਗਾ। ਇਸ ਨੂੰ ਸੰਕੋਚ ਕੇ ਕੇਵਲ ਧਾਰਮਿਕ ਤੇ ਪੰਥਕ ਸ਼ਖ਼ਸੀਅਤਾਂ ਤੱਕ ਹੀ ਸੀਮਤ ਕੀਤਾ ਜਾਵੇਗਾ। ਐਡਵੋਕੇਟ ਧਾਮੀ ਨੇ ਹੋਰ ਫੈਸਲਿਆਂ ਬਾਰੇ ਦੱਸਿਆ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਾਤਾ ਗੁਜਰ ਕੌਰ ਜੀ ਦੀ 400 ਸਾਲਾ ਜਨਮ ਸ਼ਤਾਬਦੀ ਇਸੇ ਸਾਲ 22 ਨਵੰਬਰ ਨੂੰ ਗੁਰਦੁਆਰਾ ਗੰਗਸਰ ਸਾਹਿਬ ਕਰਤਾਰਪੁਰ ਜਲੰਧਰ ਵਿਖੇ ਪੰਥਕ ਜਾਹੋ-ਜਲਾਲ ਨਾਲ ਮਨਾਈ ਜਾਵੇਗੀ।

ਧਰਮ ਪ੍ਰਚਾਰ ਕਮੇਟੀ ਦੀ ਇਕੱਤਰਤਾ ਵਿਚ ਵੱਖ-ਵੱਖ ਈ-ਕੌਮਰਸ ਵੈੱਬਸਾਈਟਾਂ ਤੇ ਐਪਸ 'ਤੇ ਪਾਵਨ ਗੁਰਬਾਣੀ ਦੇ ਗੁਟਕਾ ਸਾਹਿਬ, ਸੈਂਚੀਆਂ ਦੀ ਕੀਤੀ ਜਾ ਰਹੀ ਆਨਲਾਈਨ ਵਿਕਰੀ ਦਾ ਵੀ ਸਖ਼ਤ ਨੋਟਿਸ ਲੈ ਕੇ ਇਸ 'ਤੇ ਮੁਕੰਮਲ ਪਾਬੰਦੀ ਲਗਾਉਣ ਦਾ ਮਤਾ ਪਾਸ ਕੀਤਾ ਗਿਆ। ਉਨ੍ਹਾਂ ਕਿਹਾ ਕਿ ਪਾਸ ਕੀਤੇ ਗਏ ਮਤੇ ਵਿਚ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਪੰਜ ਸਿੰਘ ਸਾਹਿਬਾਨ ਦੀ ਬੈਠਕ ਵਿਚ ਇਸ 'ਤੇ ਕੌਮ ਨੂੰ ਦਿਸ਼ਾ-ਨਿਰਦੇਸ਼ ਜਾਰੀ ਕਰਨ, ਤਾਂ ਜੋ ਇਸ ਵਰਤਾਰੇ ਨੂੰ ਠੱਲ੍ਹ ਪੈ ਸਕੇ।ਇਕੱਤਰਤਾ 'ਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਾਲ ਸੀਨੀਅਰ ਮੀਤ ਪ੍ਰਧਾਨ ਹਰਭਜਨ ਸਿੰਘ ਮਸਾਣਾ, ਜੂਨੀਅਰ ਮੀਤ ਪ੍ਰਧਾਨ ਭਾਈ ਗੁਰਬਖ਼ਸ਼ ਸਿੰਘ ਖ਼ਾਲਸਾ, ਜਨਰਲ ਸਕੱਤਰ ਭਾਈ ਰਜਿੰਦਰ ਸਿੰਘ ਮਹਿਤਾ, ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਅਜਾਇਬ ਸਿੰਘ ਅਭਿਆਸੀ, ਸੁਖਵਰਸ਼ ਸਿੰਘ ਪਨੂੰ, ਤੇਜਿੰਦਰਪਾਲ ਸਿੰਘ ਲਾਡਵਾ, ਪ੍ਰਿਤਪਾਲ ਸਿੰਘ, ਸ. ਰਾਮਪਾਲ ਸਿੰਘ ਬਹਿਣੀਵਾਲ, ਮਨਜੀਤ ਸਿੰਘ ਬੱਪੀਆਣਾ, ਸ਼੍ਰੋਮਣੀ ਕਮੇਟੀ ਮੈਂਬਰ ਗੁਰਮੀਤ ਸਿੰਘ ਬੂਹ, ਸਿੱਖ ਇਤਿਹਾਸ ਰੀਸਰਚ ਬੋਰਡ ਦੇ ਮੈਂਬਰ ਡਾ. ਪਰਮਵੀਰ ਸਿੰਘ, ਡਾ. ਇੰਦਰਜੀਤ ਸਿੰਘ ਗੋਗੋਆਣੀ, ਹਰਵਿੰਦਰ ਸਿੰਘ ਖ਼ਾਲਸਾ, ਡਾ. ਪ੍ਰਭਜੋਤ ਕੌਰ, ਓ ਐਸ ਡੀ ਸਤਬੀਰ ਸਿੰਘ ਧਾਮੀ, ਸਹਾਇਕ ਡਾਇਰੈਕਟਰ ਵਿਦਿਆ ਬੀਬੀ ਸਤਵੰਤ ਕੌਰ, ਇੰਚਾਰਜ ਡਾ. ਜੋਗੇਸ਼ਵਰ ਸਿੰਘ, ਸ. ਕਾਰਜ ਸਿੰਘ, ਗੁਰਪ੍ਰਤਾਪ ਸਿੰਘ ਤੇ ਬਲਦੇਵ ਸਿੰਘ ਆਦਿ ਮੌਜੂਦ ਸਨ।

ਪਰਾਲੀ ਨੂੰ ਅੱਗ ਲਾਉਣ ਵਾਲਿਆਂ ਵਿਰੁੱਧ ਪ੍ਰਸ਼ਾਸਨ ਹੋਇਆ ਸਖ਼ਤ

ਗੁਰਦਾਸਪੁਰ (ਜਨਕ ਮਹਾਜਨ)- ਨੈਸ਼ਨਲ ਗ੍ਰੀਨ ਟ੍ਰਿਬਊਨਲ ਵਲੋਂ ਫਸਲਾਂ ਦੀ ਰਹਿੰਦ-ਖੂੰਹਦ ਨੂੰ ਸਾੜਨ 'ਤੇ ਪਾਬੰਦੀ ਲਗਾਈ ਗਈ ਹੈ, ਜਿਸ ਦੇ ਚਲਦਿਆਂ ਜ਼ਿਲ੍ਹੇ ਵਿੱਚ ਗਠਿਤ ਵੱਖ ਵੱਖ ਟੀਮਾਂ ਵਲੋਂ ਸਖ਼ਤ ਨਜ਼ਰ ਰੱਖੀ ਜਾ ਰਹੀ ਹੈ। ਜ਼ਿਲ੍ਹੇ ਵਿੱਚ ਹੁਣ ਤੱਕ 10 ਕਿਸਾਨਾਂ ਵੱਲੋਂ ਪਰਾਲੀ/ਨਾੜ ਨੂੰ ਅੱਗ ਲਗਾਈ ਗਈ, ਜਿਸ ਕਾਰਨ ਉਨ੍ਹਾਂ ਨੂੰ 25 ਹਜ਼ਾਰ ਰੁਪਏ ਦਾ ਵਾਤਾਵਰਣ ਮੁਆਵਜ਼ਾ ਵਸੂਲ ਕੇ ਰੈਵੀਨਿਊ ਰਿਕਾਰਡ ਵਿੱਚ ਰੈੱਡ ਐਂਟਰੀ ਕੀਤੀ ਗਈ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਉਮਾ ਸ਼ੰਕਰ ਗੁਪਤਾ ਡਿਪਟੀ ਕਮਿਸ਼ਨਰ ਗੁਰਦਾਸਪੁਰ ਨੇ ਦੱਸਿਆ ਕਿ ਬਲਾਕ ਫਤਿਹਗੜ੍ਹ ਚੂੜੀਆਂ ਦੇ ਪਿੰਡ ਅਲੀਵਾਲ ਜੱਟਾਂ, ਹਰਦੋਵਾਲ ਕਲਾਂ ਤੇ ਮਾਨਸੈਂਡ ਵਾਲ ਅਤੇ ਬਟਾਲਾ ਬਲਾਕ ਦੇ ਪਿੰਡ ਵੈਰੋਨੰਗਲ, ਸੰਦਲ, ਤਲਵੰਡੀ ਬਖ਼ਤਾਂ, ਦੋਲਤਪੁਰ ਦੇ ਤਿੰਨ ਕਿਸਾਨਾਂ ਅਤੇ ਸਰਵਾਲੀ ਦੇ ਕਿਸਾਨ, ਕੁੱਲ 10 ਕਿਸਾਨਾਂ ਵੱਲੋਂ ਅੱਗ ਲਗਾਈ ਗਈ ਸੀ, ਜਿਸ ਲਈ 2500 ਰੁਪਏ ਦੇ ਹਿਸਾਬ ਨਾਲ 10 ਕਿਸਾਨਾਂ ਨੂੰ 25 ਹਜ਼ਾਰ ਰੁਪਏ ਵਾਤਾਵਰਣ ਮੁਆਵਜ਼ਾ ਵਸੂਲ ਕੇ, ਰੈਵਨਿਊ ਰਿਕਾਰਡ ਵਿੱਚ ਰੈੱਡ ਐਂਟਰੀਆਂ ਕੀਤੀਆਂ ਗਈਆਂ ਹਨ। ਡਿਪਟੀ ਕਮਿਸ਼ਨਰ ਨੇ ਕਿਸਾਨ ਵੀਰਾਂ ਨੂੰ ਅਪੀਲ ਕੀਤੀ ਕਿ ਉਹ ਸੁਪਰੀਮ ਕੋਰਟ ਅਤੇ ਨੈਸ਼ਨਲ ਗਰੀਨ ਟ੍ਰਿਬਿਊਨਲ ਦੀਆਂ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਫਸਲ ਦੀ ਰਹਿੰਦ-ਖੂੰਹਦ/ਪਰਾਲੀ/ਨਾੜ ਨੂੰ ਅੱਗ ਨਾ ਲਗਾਉਣ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਪਰਾਲੀ ਦੀ ਸਾਂਭ-ਸੰਭਾਲ ਲਈ ਲੋੜੀਂਦੀ ਖੇਤੀ ਮਸ਼ੀਨਰੀ ਉਪਲਬਧ ਹੈ। ਸਹਿਕਾਰੀ ਸੁਸਾਇਟੀਆਂ ਤੇ ਪੰਚਾਇਤਾਂ ਕੋਲੋਂ ਖੇਤੀ ਮਸ਼ੀਨਰੀ ਮੌਜੂਦ ਹੈ। ਜੇਕਰ ਫਿਰ ਵੀ ਕਿਸੇ ਕਿਸਾਨ ਨੂੰ ਕੋਈ ਮੁਸ਼ਕਲ ਪੇਸ਼ ਆਉਂਦੀ ਹੈ, ਤਾਂ ਉਹ ਨੇੜਲੇ ਖੇਤੀਬਾੜੀ ਵਿਭਾਗ ਦੇ ਦਫ਼ਤਰ, ਐੱਸ.ਡੀ.ਐੱਮ. ਦਫ਼ਤਰ ਵਿਖੇ ਸੰਪਰਕ ਕਰ ਸਕਦੇ ਹਨ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੇ ਹੋਰ ਅਹੁਦੇਦਾਰਾਂ ਦੀ ਚੋਣ ਲਈ ਜਨਰਲ ਅਜਲਾਸ 28 ਨੂੰ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਹੋਰ ਅਹੁਦੇਦਾਰਾਂ ਦੀ ਸਾਲਾਨਾ ਚੋਣ ਲਈ ਜਨਰਲ ਇਜਲਾਸ 28 ਅਕਤੂਬਰ ਨੂੰ ਸੱਦਣ ਦਾ ਐਲਾਨ ਕੀਤਾ ਹੈ। ਐਡਵੋਕੇਟ ਧਾਮੀ ਨੇ ਜਾਰੀ ਇਕ ਪ੍ਰੈੱਸ ਬਿਆਨ ਵਿਚ ਕਿਹਾ ਕਿ ਇਸ ਵਾਰ ਅਹੁਦੇਦਾਰਾਂ ਦੀ ਚੋਣ ਵਾਸਤੇ ਸਾਲਾਨਾ ਇਜਲਾਸ 28 ਅਕਤੂਬਰ ਨੂੰ ਦੁਪਹਿਰ 12 ਵਜੇ ਸ਼੍ਰੋਮਣੀ ਕਮੇਟੀ ਦਫ਼ਤਰ ਸਥਿਤ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਹੋਵੇਗਾ। ਇਸ ਵਿਚ ਪ੍ਰਧਾਨ, ਸੀਨੀਅਰ ਮੀਤ ਪ੍ਰਧਾਨ, ਜੂਨੀਅਰ ਮੀਤ ਪ੍ਰਧਾਨ, ਜਨਰਲ ਸਕੱਤਰ ਅਤੇ ਅੰਤ੍ਰਿੰਗ ਕਮੇਟੀ ਦੇ ਮੈਂਬਰਾਂ ਦੀ ਚੋਣ ਕੀਤੀ ਜਾਵੇਗੀ।

ਅੰਮ੍ਰਿਤਸਰ ਵਿਕਾਸ ਮੰਚ ਵੱਲੋਂ ਕੈਲਾਸ਼ ਕੌਰ ਦੇ ਅਕਾਲ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)- ਅੰਮ੍ਰਿਤਸਰ ਵਿਕਾਸ ਮੰਚ ਵਲੋਂ ਭਾਅ ਜੀ ਗੁਰਸ਼ਰਨ ਸਿੰਘ ਦੀ ਪਤਨੀ ਸ੍ਰੀਮਤੀ ਕੈਲਾਸ਼ ਕੌਰ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ ।ਮੰਚ ਦੇ ਸਰਪ੍ਰਸਤ ਪ੍ਰੋਫ਼ੈਸਰ ਮੋਹਨ ਸਿੰਘ, ਡਾ. ਚਰਨਜੀਤ ਸਿੰਘ ਗੁਮਟਾਲਾ, ਮਨਮੋਹਨ ਸਿੰਘ ਬਰਾੜ, ਪ੍ਰਿਸੀਪਲ ਕੁਲਵੰਤ ਸਿੰਘ ਅਣਖੀ, ਹਰਦੀਪ ਸਿੰਘ ਚਾਹਲ, ਪ੍ਰਧਾਨ ਇੰਜ. ਹਰਜਾਪ ਸਿੰਘ ਅੰਜਲਾ, ਸੀਨੀਅਰ ਮੀਤ ਪ੍ਰਧਾਨ ਡਾ. ਇੰਦਰਜੀਤ ਸਿੰਘ ਗੋਗੋਆਣੀ, ਜਨਰਲ ਸਕੱਤਰ ਸੁਰਿੰਦਰਜੀਤ ਸਿੰਘ ਬਿੱਟੂ ਤੇ ਮੈਂਬਰਾਨ ਵੱਲੋਂ ਜਾਰੀ ਇੱਕ ਬਿਆਨ ਵਿੱਚ ਕਿਹਾ ਗਿਆ ਹੈ ਕਿ ਬੀਬੀ ਜੀ ਬਹੁਤ ਪੜ੍ਹੇ ਲਿਖੇ ਤੇ ਸੂਝਵਾਨ ਸ਼ਖ਼ਸੀਅਤ ਦੇ ਮਾਲਕ ਸਨ। ਉਹ ਐਲ ਐਲ ਬੀ ਸਨ।ਭਾਅ ਜੀ ਨੇ 50 ਸਾਲਾਂ ਦੇ ਰੰਗਮੰਚ ਸ਼ਫ਼ਰ ਵਿੱਚ 185 ਤੋਂ ਵੱਧ ਨਾਟਕ ਲਿਖੇ। ਉਹਨਾਂ ਨਾਟਕਾਂ ਦੀਆਂ 12000 ਤੋਂ ਵੱਧ ਪੇਸ਼ਕਾਰੀਆਂ ਪੰਜਾਬ ਦੇ ਪਿੰਡਾਂ ਤੋਂ ਲੈ ਕੇ ਦੇਸ਼-ਵਿਦੇਸ਼ ਵਿੱਚ ਕੀਤੀਆਂ।ਬੀਬੀ ਜੀ ਵੀ ਉਨ੍ਹਾਂ ਦੇ ਨਾਟਕਾਂ ਤੇ ਸਮਾਜਿਕ ਕੰਮਾਂ ਵਿਚ ਵਧ ਚੜ੍ਹ ਕੇ ਹਿੱਸਾ ਲੈਂਦੇ ਸਨ।1964 ਵਿੱਚ ਭਾਅ ਜੀ ਨੇ ਅੰਮ੍ਰਿਤਸਰ ਵਿਖੇ ਦੋਸਤਾਂ ਨਾਲ ਰਲ ਕੇ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਦੀ ਨੀਂਹ ਰੱਖੀ। ਅੱਜ ਇ

8-Oct-PAGE-12.qxd 10/7/2024 10:29 PM Page 1

ਇਜ਼ਰਾਇਲ ਵੱਲੋਂ ਫ਼ਲਸਤੀਨੀਆਂ ਦੀ ਨਸਲਕੁਸ਼ੀ ਦੇ ਵਿਰੋਧ 'ਚ ਮੁਜ਼ਾਹਰਾ

ਜਲੰਧਰ (ਕੇਸਰ) ਇਜ਼ਰਾਇਲ ਵੱਲੋਂ ਫਲਸਤੀਨੀਆਂ ਦੀ ਨਸਲਕੁਸ਼ੀ ਦੇ ਵਿਰੋਧ 'ਚ ਸਥਾਈ ਜੰਗਬੰਦੀ ਲਈ ਅਤੇ ਭਾਰਤ ਸਰਕਾਰ ਵੱਲੋਂ ਇਜ਼ਰਾਇਲ ਨੂੰ ਹਥਿਆਰ ਅਤੇ ਹੋਰ ਜੰਗੀ ਸਾਜੋ-ਸਮਾਨ ਦਿੱਤੇ ਜਾਣ ਦੇ ਵਿਰੋਧ 'ਚ ਅਤੇ ਫਲਸਤੀਨੀਆਂ ਨਾਲ ਯਕਯਹਿਤੀ ਪ੍ਰਗਟਾਉਣ ਲਈ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿੱਚ ਕਨਵੈਨਸ਼ਨ ਕੀਤੀ ਗਈ ਅਤੇ ਸ਼ਹਿਰ ਵਿੱਚ ਜ਼ੋਰਦਾਰ ਮੁਜਾਹਰਾ ਕੀਤਾ ਗਿਆ।ਇਸ ਕਨਵੈਨਸ਼ਨ ਦੀ ਪ੍ਰਧਾਨਗੀ ਮੰਡਲ 'ਚ ਰਤਨ ਸਿੰਘ ਰੰਧਾਵਾ, ਅਜਮੇਰ ਸਿੰਘ, ਰਾਜਵਿੰਦਰ ਸਿੰਘ ਰਾਣਾ, ਨਰਾਇਣ ਦੱਤ, ਗੁਰਨਾਮ ਸਿੰਘ ਬਾਲਦ ਕਲਾਂ ਸ਼ਾਮਲ ਸਨ।ਕਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਕਿਹਾ ਕਿ ਪਿਛਲੇ ਇੱਕ ਸਾਲ ਤੋਂ ਕੀਤੀ ਜਾ ਰਹੀ ਹਵਾਈ ਬੰਬਾਰੀ ਅਤੇ ਜ਼ਮੀਨੀ ਹਮਲਿਆਂ ਨਾਲ 50,000 ਤੋਂ ਵੱਧ ਲੋਕ ਮੌਤ ਦੇ ਘਾਟ ਉਤਾਰ ਦਿੱਤੇ ਗਏ ਹਨ। ਮਲਬੇ ਹੇਠ ਦੱਬੇ ਲੋਕਾਂ ਦੀ ਗਿਣਤੀ ਦਾ ਹਿਸਾਬ ਹੀ ਨਹੀਂ ਲਾਇਆ ਜਾ ਸਕਦਾ। ਦਸ ਲੱਖ ਤੋਂ ਵੱਧ ਲੋਕ ਬੇਘਰ ਹੋ ਗਏ ਹਨ। ਸਾਰੇ ਜੰਗੀ ਨਿਯਮਾਂ ਨੂੰ ਛਿੱਕੇ ਉੱਤੇ ਟੰਗ ਕੇ ਹਸਪਤਾਲਾਂ, ਸਕੂਲਾਂ ਅਤੇ ਰਿਹਾਇਸ਼ੀ ਥਾਵਾਂ ਨੂੰ ਵੀ ਲਗਾਤਾਰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਅਮਰੀਕਾ ਅਤੇ ਉਸਦੇ ਪੱਛਮੀ ਸਹਿਯੋਗੀ ਇਜ਼ਰਾਇਲ ਨੂੰ ਲਗਾਤਾਰ ਹਥਿਆਰਾਂ ਦੀ ਸਪਲਾਈ ਅਤੇ ਆਰਥਿਕ ਮੱਦਦ ਦੇ ਰਹੇ ਹਨ। ਸਥਾਈ ਜੰਗਬੰਦੀ ਲਈ ਯੂ.ਐਨ.ਓ. ਦੇ ਮਤਿਆਂ ਦਾ ਵਿਰੋਧ ਕਰਕੇ ਅਮਨ ਲਈ ਕੀਤੀਆਂ ਜਾ ਰਹੀਆਂ ਅਪੀਲਾਂ ਦਾ ਦੋਗਲਾਪਣ ਵੀ ਸੰਸਾਰ ਦੇ ਲੋਕਾਂ ਸਾਹਮਣੇ ਪੂਰੀ ਤਰ੍ਹਾਂ ਨੰਗਾ ਹੋ ਗਿਆ ਹੈ।

ਭਾਰਤ ਵੱਲੋਂ ਇਜ਼ਰਾਇਲ ਨੂੰ ਰਾਕਟ ਇੰਜਣ, ਧਮਕਾਕਾਰੀ ਸਮੱਗਰੀ ਅਤੇ ਤੋਪਾਂ ਦਾ ਬਾਲਣ ਭੇਜਣ ਨਾਲ ਇਸ ਜੰਗ ਵਿੱਚ ਨਸਲਘਾਤ ਲਈ ਭਾਰਤੀ ਹਾਕਮਾਂ ਦੀ ਸ਼ਮੂਲੀਅਤ ਵੀ ਜੱਗ-ਜਾਹਿਰ ਹੈ। ਭਾਰਤੀ ਮਜ਼ਦੂਰਾਂ ਨੂੰ ਵੀ ਇਜ਼ਰਾਇਲ ਭੇਜਿਆ ਜਾ ਰਿਹਾ ਹੈ।

ਇਸ ਕਨਵੈਨਸ਼ਨ ਵਿੱਚ ਆਗੂਆਂ ਵੱਲੋਂ ਮੰਗ ਕੀਤੀ ਗਈ ਕਿ ਸਥਾਈ ਜੰਗਬੰਦੀ ਕੀਤੀ ਜਾਵੇ, ਯੂ.ਐਨ.ਓ. ਦੇ ਮਤੇ ਅਨੁਸਾਰ ਫਲਸਤੀਨੀ ਇਲਾਕਿਆਂ ਵਿੱਚੋਂ ਇਜ਼ਰਾਇਲੀ ਫੌਜਾਂ ਫੌਰੀ ਤੌਰ 'ਤੇ ਵਾਪਸ ਬੁਲਾਈਆਂ ਜਾਣ। ਇਸ ਕਨਵੈਨਸ਼ਨ ਨੂੰ ਆਰ ਐਮ ਪੀ ਆਈ ਦੇ ਜਨਰਲ ਸਕੱਤਰ ਮੰਗਤ ਰਾਮ ਪਾਸਲਾ, ਸੀ ਪੀ ਆਈ (ਐਮ-ਐਲ) ਨਿਊ ਡੈਮੋਕਰੇਸੀ ਦੇ ਸੀਨੀਅਰ ਆਗੂ ਦਰਸ਼ਨ ਸਿੰਘ ਖਟਕੜ, ਸੀ ਪੀ ਆਈ (ਐਮ-ਐਲ) ਲਿਬਰੇਸ਼ਨ ਦੇ ਸੂਬਾ ਸਕੱਤਰ ਗੁਰਮੀਤ ਸਿੰਘ ਬਖਤਪੁਰ, ਇਨਕਲਾਬੀ ਕੇਂਦਰ ਪੰਜਾਬ ਦੇ ਕੰਵਲਜੀਤ ਖੰਨਾ, ਐਮ ਸੀ ਪੀ ਆਈ (ਯੂ.) ਦੇ ਮੰਗਤ ਰਾਮ ਲੋਹ੗ੋਵਾਲ ਨੇ ਸੰਬੋਧਨ ਕੀਤਾ। ਮੰਚ ਸੰਚਾਲਨ ਕੁਲਵਿੰਦਰ ਸਿੰਘ ਵੜੈਚ ਨੇ ਕੀਤਾ।

ਹਰ ਸਾਲ ਦੀ ਤਰ੍ਹਾਂ ਸ਼ਰਧਾ ਨਾਲ ਕਰਵਾਇਆ ਜਾਵੇਗਾ ਸਾਲਾਨਾ ਸਮਾਗਮ : ਮੋਮੀ, ਰਣੀਆਂ

ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)-ਮੋਮੀ ਗੋਤ ਦੇ ਜਠੇਰਿਆਂ ਨਾਲ ਸਬੰਧਤ ਪਵਿੱਤਰ ਅਸਥਾਨ ਬਾਬਾ ਮੀਖੋ ਜੀ ਪਿੰਡ ਰਣੀਆ ਜਿਲ੍ਹਾ ਲੁਧਿਆਣਾ ਵਿਖੇ ਹਰ ਸਾਲ ਦੀ ਤਰ੍ਹਾਂ ਮਨਾਏ ਜਾਣ ਵਾਲੇ ਸਾਲਾਨਾ ਜੋੜ ਮੇਲੇ ਸੰਬੰਧੀ ਵਿਚਾਰ ਵਟਾਂਦਰਾ ਤੇ ਜੋੜ ਮੇਲੇ ਦੀਆਂ ਤਿਆਰੀਆਂ ਕਰਨ ਵਾਸਤੇ ਪ੍ਰਬੰਧਕ ਕਮੇਟੀ ਦੀ ਇੱਕ ਵਿਸ਼ੇਸ਼ ਮੀਟਿੰਗ ਹੋਈ।ਮੀਟਿੰਗ ਉਪਰੰਤ ਬਾਬਾ ਮੀਖੋ ਮੋਮੀ ਜਠੇਰੇ ਕਮੇਟੀ ਦੇ ਪ੍ਰਧਾਨ ਹਰਵਿੰਦਰ ਸਿੰਘ ਬਿੰਦਰ, ਬਾਬਾ ਮੀਖੋ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਵਿਧਾਇਕ ਜੀਵਨ ਸਿੰਘ ਮੋਮੀ ਸੰਘੋਵਾਲ, ਸੈਕਟਰੀ ਜਸਵੀਰ ਸਿੰਘ ਜੱਸੀ ਰਣੀਆਂ ਨੇ ਸਾਲਾਨਾ ਜੋੜ ਮੇਲਾ ਦਾ ਪੋਸਟਰ ਤੇ ਕੈਲੰਡਰ ਜਾਰੀ ਕਰਦਿਆਂ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਵੀ ਦੀਵਾਲੀ ਵਾਲੇ ਦਿਨ ਸਾਲਾਨਾ ਸਮਾਗਮ ਕਰਵਾਇਆ ਜਾਵੇਗਾ ਜਿਸ ਵਿੱਚ ਪੰਜਾਬ ਭਰ 'ਚੋਂ ਸੰਗਤਾਂ ਹਿੱਸਾ ਲੈ ਕੇ ਬਾਬਾ ਦੇ ਅਸਥਾਨ 'ਤੇ ਨਤਮਸਤਕ ਹੋਣਗੀਆਂ।ਪ੍ਰਬੰਧਕਾਂ ਨੇ ਹੋਰ ਦੱਸਿਆ ਕਿ ਸਮਾਗਮ ਸੰਬੰਧੀ ਜਿੱਥੇ ਪੂਰੀ ਰੂਪ ਰੇਖਾ ਤਿਆਰ ਕੀਤੀ ਗਈ ਹੈ ਉੱਥੇ ਹੀ ਸਾਰੇ ਸੇਵਾਦਾਰਾਂ ਦੀਆਂ ਡਿਊਟੀਆਂ ਵੀ ਤੈਅ ਕੀਤੀਆਂ ਗਈਆਂ ਹਨ ਤਾਂ ਜੋ ਦੂਰੋਂ ਨੇੜਿਓਂ ਆਉਣ ਵਾਲੀ ਸੰਗਤ ਨੂੰ ਕਿਸੇ ਕਿਸਮ ਦੀ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ।ਪ੍ਰਬੰਧਕ ਸੇਵਾਦਾਰਾਂ ਨੇ ਹੋਰ ਦੱਸਿਆ ਕਿ ਇਸ ਸਮਾਗਮ ਦੌਰਾਨ ਰੱਖੇ ਜਾਣ ਵਾਲੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਧਾਰਮਿਕ ਦੀਵਾਨ ਸਵੇਰੇ 6 ਵਜੇ ਤੋਂ ਹੀ ਆਰੰਭ ਕੀਤੇ ਜਾਣਗੇ ਜਿਸ ਵਿੱਚ ਸੰਤਾਂ ਮਹਾਂਪੁਰਸ਼ਾਂ ਤੋਂ ਇਲਾਵਾ ਰਾਗੀ ਢਾਡੀ ਜਥੇ ਪਹੁੰਚ ਕਰਕੇ ਇਸਨੂੰ ਸੰਗਤ ਨੂੰ ਮਨੋਹਰ ਸ਼ਬਦ ਕੀਰਤਨ ਦੁਆਰਾ ਨਿਹਾਲ ਕਰਨਗੇ।

ਸੀਟੀ ਗਰੁੱਪ ਦੇ ਮੈਡੀਕਲ ਸਿੰਪੋਜ਼ੀਅਮ 2024 'ਚ 30 ਤੋਂ ਵੱਧ ਡਾਕਟਰਾਂ ਨੇ ਹਿੱਸਾ ਲਿਆ

ਜਲੰਧਰ (ਸ਼ੈਲੀ ਐਲਬਰਟ)-: ਇਸ ਸਮਾਗਮ ਦਾ ਉਦਘਾਟਨ ਮੁੱਖ ਮਹਿਮਾਨ ਡਾ. ਹਿਮਾਂਸ਼ੂ ਅਗਰਵਾਲ (ਆਈ.ਏ.ਐਸ.), ਜਲੰਧਰ ਦੇ ਡਿਪਟੀ ਕਮਿਸ਼ਨਰ, ਆਈ ਐਮ ਏ ਦੇ ਪ੍ਰਧਾਨ ਅਤੇ ਚਾਵਲਾ ਹਸਪਤਾਲ ਦੇ ਜਨਰਲ ਸਰਜਨ ਡਾ. ਦੀਪਕ ਚਾਵਲਾ ਦੇ ਨਾਲ-ਨਾਲ ਕੀਤਾ ਗਿਆ। ਵੱਖ-ਵੱਖ ਵਿਸ਼ੇਸ਼ਤਾਵਾਂ ਦੇ 30 ਤੋਂ ਵੱਧ ਡਾਕਟਰਾਂ ਦੇ ਇੱਕ ਵਿਸ਼ੇਸ਼ ਪੈਨਲ ਨੇ ਸਿੰਪੋਜ਼ੀਅਮ ਵਿੱਚ ਭਾਗ ਲਿਆ।ਪ੍ਰਮੁੱਖ ਮੁੱਖ ਬੁਲਾਰਿਆਂ ਵਿੱਚ ਡਾ. ਸ਼ੁਭਾਂਗ ਅਗਰਵਾਲ (ਆਰਥੋਪੈਡਿਕ ਸਰਜਨ, ਐਨ ਐਚ ਐਸ), ਡਾ. ਦਮਨਬੀਰ ਚਾਹਲ (ਯੂਰੋਲੋਜਿਸਟ, ਕਿਡਨੀ ਹਸਪਤਾਲ), ਡਾ. ਈਸ਼ਾਨ (ਆਨਕੋਲੋਜੀ, ਪਟੇਲ ਹਸਪਤਾਲ), ਅਤੇ ਡਾ: ਦੀਪਕ ਚਾਵਲਾ (ਆਈ ਐਮ ਏ ਪ੍ਰਧਾਨ ਅਤੇ ਜਨਰਲ ਸਰਜਨ, ਚਾਵਲਾ ਹਸਪਤਾਲ) ਸ਼ਾਮਲ ਸਨ। ਉਹਨਾਂ ਦੀ ਸੂਝ-ਬੂਝ ਨੇ ਆਪਣੇ-ਆਪਣੇ ਖੇਤਰਾਂ ਵਿੱਚ ਨਵੀਨਤਮ ਵਿਕਾਸ 'ਤੇ ਕੇਂਦ੍ਰਤ ਕਰਦੇ ਹੋਏ, ਇਵੈਂਟ ਦੇ ਅਕਾਦਮਿਕ ਮੁੱਲ ਨੂੰ ਹੋਰ ਉੱਚਾ ਕਰਦੇ ਹੋਏ, ਵਿਚਾਰ-ਵਟਾਂਦਰੇ ਨੂੰ ਵਧਾਇਆ। ਇਸ ਮੌਕੇ ਵਿਸ਼ੇਸ਼ ਮਹਿਮਾਨਾਂ ਵਿੱਚ ਡਾ. ਅਰੁਣ ਵਾਲੀਆ (ਪਲਮੋਨੋਲੋਜਿਸਟ ਅਤੇ ਕ੍ਰਿਟੀਕਲ ਕੇਅਰ ਫਿਜ਼ੀਸ਼ੀਅਨ, ਇਨੋਸੈਂਟ ਹਸਪਤਾਲ), ਡਾ. ਇੰਦਰਪ੍ਰੀਤ ਸਿੰਘ (ਚੈਸਟ ਫਿਜ਼ੀਸ਼ੀਅਨ, ਰਹਿਮਤ ਮੈਡੀਸਿਟੀ), ਡਾ. ਨਵਜੋਤ ਸਿੰਘ ਦਹੀਆ (ਆਰਥੋਪੈਡਿਕ ਸਰਜਨ, ਗਲੋਬਲ ਹਸਪਤਾਲ), ਡਾ. ਰਜਨੀਸ਼ ਸ਼ਰਮਾ (ਜਨਰਲ ਸਰਜਨ, ਅਮਰ ਹਸਪਤਾਲ), ਡਾ. ਲਵਲੀ ਰਾਜ਼ਡੇਨ (ਪੈਥੋਲੋਜਿਸਟ, ਐਸ਼ਿਓਰ ਪੈਥਲੈਬ), ਡਾ. ਬਲਰਾਜ ਗੁਪਤਾ (ਕਾਰਡੀਓਡਾਇਬੀਟੋਲੋਜਿਸਟ, ਰਤਨ ਹਸਪਤਾਲ), ਅਤੇ ਡਾ. ਅੰਬਰ ਅਗਰਵਾਲ (ਗਾਇਨੀਕੋਲੋਜਿਸਟ, ਪਟੇਲ ਹਸਪਤਾਲ) ਇਸ ਮੌਕੇ ਡਾ. ਵਿਜੇ ਕੇ. ਸੁਮਨ (ਐਂਡੋਕਰੀਨੋਲੋਜਿਸਟ, ਸੁਮਨ ਹਸਪਤਾਲ) ਨੇ ਵਿਸ਼ੇਸ਼ ਮਹਿਮਾਨ ਵਜੋਂ ਸੇਵਾ ਨਿਭਾਈ। ਸੀਟੀ ਗਰੁੱਪ ਦੇ ਚੇਅਰਮੈਨ ਚਰਨਜੀਤ ਸਿੰਘ ਚੰਨੀ ਨੇ ਇੱਕ ਪ੍ਰੇਰਨਾਦਾਇਕ ਭਾਸ਼ਣ ਦਿੱਤਾ, ਜਿਨ੍ਹਾਂ ਨੇ ਡਾਕਟਰੀ ਭਾਈਚਾਰੇ ਦਾ ਉਹਨਾਂ ਦੇ ਅਮੁੱਲ ਯੋਗਦਾਨ ਲਈ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਸੀਟੀ ਗਰੁੱਪ ਦੇ ਵਾਈਸ ਚੇਅਰਮੈਨ ਹਰਪ੍ਰੀਤ ਸਿੰਘ, ਸੀਟੀ ਗਰੁੱਪ ਦੇ ਐਗਜ਼ੈਕਟਿਵ ਡਾਇਰੈਕਟਰ ਡਾ. ਨਿਤਿਨ ਟੰਡਨ ਅਤੇ ਹੋਰ ਮਾਣਯੋਗ ਪ੍ਰਬੰਧਕੀ ਸ਼ਖਸੀਅਤਾਂ ਹਾਜ਼ਰ ਸਨ। ਆਪਣੇ ਸੰਬੋਧਨ ਵਿੱਚ ਮੁੱਖ ਮਹਿਮਾਨ ਡਾ. ਹਿਮਾਂਸ਼ੂ ਅਗਰਵਾਲ (ਆਈ ਏ ਐਸ) ਨੇ ਸਿਹਤ ਸੇਵਾਵਾਂ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਅਤੇ ਸਮਾਜ ਦੀ ਤਰੱਕੀ ਵਿੱਚ ਯੋਗਦਾਨ ਪਾਉਣ ਵਿੱਚ ਡਾਕਟਰਾਂ ਦੀ ਅਹਿਮ ਭੂਮਿਕਾ ਨੂੰ ਸਵੀਕਾਰ ਕੀਤਾ।

ਇਕੋਤਰੀ ਸਮਾਗਮ ਦੌਰਾਨ ਮਹਾਂਪੁਰਸ਼ਾਂ ਨੇ ਅੰਮ੍ਰਿਤਮਈ ਗੁਰਬਾਣੀ ਰਾਹੀਂ ਸੰਗਤਾਂ ਨੂੰ ਗੁਰਸ਼ਬਦ ਨਾਲ ਜੋੜਿਆ

ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਉਂਕਾਰ ਸਿੰਘ)- ਵਿਸ਼ਵ ਪ੍ਰਸਿੱਧ ਮਹਾਨ ਸਾਲਾਨਾ ਇਕੋਤਰੀ ਸਮਾਗਮ ਮੌਕੇ ਸਜਾਏ ਗਏ ਵਿਸ਼ਾਲ ਗੁਰਮਤਿ ਸਮਾਗਮ ਦੌਰਾਨ ਸੰਤ ਬਾਬਾ ਗੁਰਦਿਆਲ ਸਿੰਘ ਤੋਂ ਇਲਾਵਾਂ ਹੋਰ ਕਈ ਮਹਾਂਪੁਰਸ਼ਾ ਨੇ ਸ਼ਿਰਕਤ ਕਰਦਿਆਂ ਸੰਗਤਾਂ ਨੂੰ ਪੂਰਨ ਰੂਪ ਵਿੱਚ ਗੁਰਸ਼ਬਦ ਨਾਲ ਜੋੜ ਕੇ ਬਾਣੀ ਦੇ ਨਿਤਨੇਮੀ ਅਤੇ ਬਾਣੇ ਦੇ ਧਾਰਨੀ ਬਣਨ ਲਈ ਪ੍ਰੇਰਿਆ।23 ਦਿਨਾਂ ਤੱਕ ਨਿਰੰਤਰ ਚੱਲਣ ਵਾਲੇ ਇਸ ਅੰਮ੍ਰਿਤਮਈ ਕੁੰਭ ਵਿਚ ਡੁਬਕੀ ਲਗਾਉਣ ਲਈ ਜਿਥੇ ਦੇਸ਼ਾ-ਵਿਦੇਸ਼ਾਂ ਤੋਂ ਸੰਗਤਾਂ ਭਾਰੀ ਗਿਣਤੀ ਵਿੱਚ ਟਾਂਡਾ ਪੁੱਜੀਆਂ ਹਨ, ਉਥੇ ਇਸ ਸਮਾਗਮ ਨੂੰ ਲੈ ਕੇ ਸੰਗਤਾਂ ਵਿਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ।ਇਸ ਮੌਕੇ ਹਾਜ਼ਰ ਵੱਖ-ਵੱਖ ਸੰਤਾਂ ਮਹਾਂਪੁਰਸ਼ਾ ਨੇ ਪਿਛਲੇ ਕਈ ਦਹਾਕਿਆਂ ਤੋਂ ਟਾਂਡਾ ਵਿਚ ਕਰਵਾਏ ਜਾਂਦੇ ਇਸ ਵਿਸ਼ਾਲ ਗੁਰਮਤਿ ਸਮਾਗਮ ਨੂੰ ਪੰਜਾਬ ਦੀ ਧਰਤੀ 'ਤੇ ਸਭ ਤੋਂ ਲੰਬਾ ਸਮਾਂ ਚੱਲਣ ਵਾਲਾ ਗੁਰਮਤਿ ਸਮਾਗਮ ਦੱਸਿਆ ਅਤੇ ਸਮਾਗਮ ਦੀ ਆਰੰਭਤਾ ਤੋਂ ਲੈ ਕੇ ਸੰਪੂਰਨਤਾ ਤੱਕ ਸੰਗਤਾਂ ਦੀ ਇਕਾਗਰਤਾ ਨੂੰ ਇਸ ਸਮਾਗਮ ਦੀ ਸਫਲਤਾ ਦੱਸਿਆ।ਸੰਤ ਬਾਬਾ ਗੁਰਦਿਆਲ ਸਿੰਘ ਨੇ ਗੁਰਮਤਿ ਦੇ ਪ੍ਰਚਾਰ ਹਿਤ ਕਰਵਾਏ ਜਾ ਰਹੇ ਇਨ੍ਹਾਂ ਇਕੋਤਰੀ ਸਮਾਗਮਾਂ ਦਾ ਸੰਗਤਾਂ ਨੂੰ ਲਾਹਾ ਖੱਟਣ ਦਾ ਸੱਦਾ ਦਿੱਤਾ, ਉੱਥੇ ਉਹਨਾਂ ਕਿਹਾ ਕਿ ਸਮੁੱਚੇ ਜਗਤ ਨੂੰ ਤਾਰਨ ਵਾਲੇ ਸ਼੍ਰੀ ਗੁਰੂ ਨਾਨਕ ਦੇਵ ਦੇ ਫ਼ਲਸਫ਼ੇ ਮੁਤਾਬਿਕ ਆਪੋ-ਆਪਣੇ ਜੀਵਨ ਨੂੰ ਢਾਲਣਾ ਅਤੇ ਸਿੱਖੀ ਸਿਧਾਂਤਾਂ ਦੇ ਧਾਰਨੀ ਬਣ ਕੇ ਉਨ੍ਹਾਂ ਉੱਪਰ ਚੱਲਣਾ ਹੀ ਸਾਡੀ ਸਹੀ ਅਰਥਾਂ ਵਿਚ ਕੌਮ ਦੇ ਪ੍ਰਤੀ ਜਵਾਬਦੇਹੀ ਹੋਵੇਗੀ।ਸੰਤ ਬਾਬਾ ਗੁਰਦਿਆਲ ਸਿੰਘ ਨੇ ਇਸ ਮੌਕੇ ਪੁੱਜੇ, ਸੰਤ ਬਾਬਾ ਸੁਖਰਾਜ ਸਿੰਘ ਪ੍ਰੀਤਮਪੁਰ ਵਾਲੇ, ਸੰਤ ਬਾਬਾ ਅਮਰੀਕ ਸਿੰਘ ਪੜੈਣ, ਸੰਤ ਬਾਬਾ ਜਗਦੀਸ਼ ਸਿੰਘ ਪੁਲ ਪੁਖਤਾ, ਸੰਤ ਬਾਬਾ ਗੁਰਦੀਪ ਸਿੰਘ ਖਜਾਲੇ ਵਾਲੇ, ਸੰਤ ਬਾਬਾ ਭਰਪੂਰ ਸਿੰਘ ਸ਼ੇਖਾਂ ਜਲੂਰ, ਸੰਤ ਬਾਬਾ ਮਨੀ ਸਿੰਘ ਭੇਵੇਂ ਵਾਲੇ, ਸੰਤ ਬਾਬਾ ਲਾਲ ਸਿੰਘ ਜਲੰਧਰ ਵਾਲੇ, ਭਾਈ ਹੀਰਾ ਸਿੰਘ ਰਤਨ, ਸੰਤ ਬਾਬਾ ਪਵਨਜੀਤ ਸਿੰਘ ਕੜਿਆਲ ਵਾਲੇ, ਸੰਤ ਬਾਬਾ ਗੁਰਪ੍ਰੀਤ ਸਿੰਘ ਚੰਡੀਗੜ੍ਹ ਵਾਲੇ, ਸੰਤ ਬਾਬਾ ਜੋਗਾ ਸਿੰਘ ਰਾਮੂ ਥਿਆੜਾ, ਸੰਤ ਬਾਬਾ ਜਗਤਾਰ ਸਿੰਘ ਜੰਗੀਆਣਾ, ਸੰਤ ਬਾਬਾ ਮਨਮੀਤ ਸਿੰਘ ਨਾਨਕਸਰ ਵਾਲੇ ਤੋਂ ਇਲਾਵਾਂ ਹੋਰ ਕਈ ਮਹਾਂਪੁਰਸ਼ਾ ਨੂੰ ਇਸ ਇਕੋਤਰੀ ਸਮਾਗਮ ਮੌਕੇ ਉਚੇਚੇ ਰੂਪ ਵਿਚ ਪੁੱਜਣ ਲਈ ਜਿੱਥੇ ਸਿਰੋਪਾਓ ਭੇਟ ਕਰ ਸਨਮਾਨਿਤ ਕੀਤਾ ਅਤੇ ਕਿਹਾ ਕਿ 16 ਅਕਤੂਬਰ ਨੂੰ ਅਲੌਕਿਕ ਨਗਰ ਕੀਰਤਨ ਸਜਾਏ ਜਾਣਗੇ ਅਤੇ ਨਗਰ ਕੀਰਤਨ ਦੀ ਆਰੰਭਤਾ ਸਵੇਰੇ 10 ਵਜੇ ਕੀਤੀ ਜਾਵੇਗੀ ਅਤੇ ਅਗਲੇ ਦਿਨ 17 ਅਕਤੂਬਰ ਨੂੰ 101 ਸ਼੍ਰੀ ਅਖੰਡ ਪਾਠ ਸਾਹਿਬ ਦੀ ਲੜੀ ਦੇ ਭੋਗ ਪੈਣਗੇ , ਉੱਥੇ ਸਵੇਰੇ 9 ਵਜੇ ਤੋਂ ਸ਼ਾਮ 4 ਵਜੇ ਤੱਕ ਵਿਸ਼ਾਲ ਗੁਰਮਤਿ ਕੀਰਤਨ ਸਮਾਗਮ ਕਾਰਵਾਈਆਂ ਜਾਵੇਗਾ।

ਰੋਟਰੀ ਕਲੱਬ 'ਮਿਡ ਟਾਊਨ' ਗ੍ਰੀਨ ਦੀਵਾਲੀ ਮਨਾਉਣ ਲਈ ਵੱਡੇ ਪੱਧਰ 'ਤੇ ਜਾਗਰੂਕਤਾ ਮੁਹਿੰਮ ਚਲਾਏਗਾ

ਹੁਸ਼ਿਆਰਪੁਰ (ਓ ਪੀ ਰਾਣਾ) ਰੋਟਰੀ ਕਲੱਬ ਮਿਡ ਟਾਊਨ ਹੁਸ਼ਿਆਰਪੁਰ ਦੀ ਮੀਟਿੰਗ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਆਉਣ ਵਾਲੇ ਪ੍ਰੋਜੈਕਟਾਂ ਬਾਰੇ ਵਿਸਥਾਰ ਵਿੱਚ ਚਰਚਾ ਕੀਤੀ ਗਈ।ਇਸ ਮੀਟਿੰਗ ਦੀ ਪ੍ਰਧਾਨਗੀ ਰੋਟਰੀ ਕਲੱਬ ਦੇ ਪ੍ਰਧਾਨ ਅਵਤਾਰ ਸਿੰਘ ਨੇ ਕੀਤੀ। ਉਨ੍ਹਾਂ ਕਲੱਬ ਮੈਂਬਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਰੋਟਰੀ ਕਲੱਬ ਮਿਡ ਟਾਊਨ ਹੁਸ਼ਿਆਰਪੁਰ ਵੱਲੋਂ ਇਸ ਸਾਲ 'ਗਰੀਨ ਦੀਵਾਲੀ' ਮਨਾਉਣ ਲਈ ਵੱਡੇ ਪੱਧਰ 'ਤੇ ਜਾਗਰੂਕਤਾ ਮੁਹਿੰਮ ਚਲਾਈ ਜਾਵੇਗੀ।

ਮੀਟਿੰਗ ਵਿੱਚ ਇਸ ਪ੍ਰੋਜੈਕਟ ਨੂੰ ਸਫਲ ਬਣਾਉਣ ਲਈ ਕਈ ਅਹਿਮ ਫੈਸਲੇ ਲਏ ਗਏ ਕੇ ਲੋਕਾਂ ਨੂੰ ਜਾਗਰੂਕ ਕਰਨ ਲਈ ਕਿ ਉਹ ਹਰੀ ਦੀਵਾਲੀ ਕਿਵੇਂ ਮਨਾ ਸਕਦੇ ਹਨ।ਉਨ੍ਹਾਂ ਕਿਹਾ ਕਿ ਕਲੱਬ ਵੱਲੋਂ ਇਸ ਸੰਦੇਸ਼ ਨੂੰ ਵੱਖ-ਵੱਖ ਪ੍ਰੋਗਰਾਮਾਂ ਅਤੇ ਸੋਸ਼ਲ ਮੀਡੀਆ ਰਾਹੀਂ ਲੋਕਾਂ ਤੱਕ ਪਹੁੰਚਾਇਆ ਜਾਵੇਗਾ।ਮੀਟਿੰਗ ਵਿੱਚ ਰੋਟਰੀ ਕਲੱਬ ਦੇ ਸਕੱਤਰ ਸਕੱਤਰ ਇੰਦਰਪਾਲ ਸਿੰਘ ਸਚਦੇਵਾ ਨੇ ਅਤੇ ਹੋਰ ਅਹੁਦੇਦਾਰਾਂ ਨੇ ਵੀ ਗਰੀਨ ਦੀਵਾਲੀ ਦੀ ਮਹੱਤਤਾ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਰੋਟੇਰੀਅਨ ਮਨੋਜ ਓਹਰੀ ਨੇ ਦੱਸਿਆ ਕਿ ਕਲੱਬ ਵੱਲੋਂ ਵਾਤਾਵਰਨ ਦੀ ਸੁਰੱਖਿਆ ਨੂੰ ਮੁੱਖ ਰੱਖਦਿਆਂ ਪਟਾਕਿਆਂ ਦੀ ਘੱਟ ਤੋਂ ਘੱਟ ਵਰਤੋਂ ਕਰਨ ਅਤੇ ਮਿੱਟੀ ਦੇ ਦੀਵੇ ਜਗਾਉਣ ਦੇ ਫਾਇਦੇ ਦੱਸੇ ਜਾਣਗੇ। ਇਸ ਦੇ ਨਾਲ ਹੀ ਦੀਵਾਲੀ ਦੌਰਾਨ ਘੱਟ ਊਰਜਾ ਖਪਤ ਕਰਨ ਵਾਲੇ ਯੰਤਰਾਂ ਅਤੇ ਮੁੜ ਵਰਤੋਂ ਯੋਗ ਸਜਾਵਟ ਦੀ ਵਰਤੋਂ ਨੂੰ ਉਤਸ਼ਾਹਿਤ ਕਰਨ ਦਾ ਵੀ ਫੈਸਲਾ ਕੀਤਾ ਗਿਆ।

ਕਲੱਬ ਦੇ ਮੈਂਬਰਾਂ ਨੇ ਸਿੱਖਿਆ, ਸਿਹਤ ਅਤੇ ਸਵੱਛਤਾ ਵਰਗੇ ਖੇਤਰਾਂ ਵਿੱਚ ਸਮਾਜ ਸੇਵਾ ਦੇ ਯਤਨਾਂ ਨੂੰ